# ਅੰਮ੍ਰਿਤ ਕੀਰਤਨ

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ



ਸੰਪਾਦਕ : ਡਾ. ਜਾਗੀਰ ਸਿੰਘ    ਮੁੱਲ : 10 ਰੁਪਏ    ਜਨਵਰੀ 1997

# ਅੰਮ੍ਰਿਤ ਕੀਰਤਨ ਲਈ ਮਾਇਕ ਸਹਾਇਤਾ

'ਅੰਮ੍ਰਿਤ ਕੀਰਤਨ' ਤੁਹਾਡੀ ਮਾਇਕ ਸਹਾਇਤਾ ਅਤੇ ਅਗਵਾਈ ਸਦਕਾ ਹੀ ਨਿਰੰਤਰ ਅਤੇ ਨਿਰਵਿਘਨ ਜਾਰੀ ਰਖਿਆ ਜਾ ਸਕਦਾ ਹੈ । ਆਪ ਆਪਣੀ ਮਾਇਆ 'ਅੰਮ੍ਰਿਤ ਕੀਰਤਨ ਟਰਸਟ' ਦੇ ਨਾਮ ਭੇਜਣ ਦੀ ਕ੍ਰਿਪਾ ਕਰੋ । ਪਿਛਲੇ ਮਹੀਨੇ ਹੇਠ ਲਿਖੇ ਸਹਿਯੋਗੀਆਂ ਨੇ ਲਾਈਫ ਮੈਂਬਰ/ਸਲਾਨਾ ਮੈਂਬਰ ਅਤੇ ਵਿਸ਼ੇਸ਼ ਸਹਾਇਤਾ ਦੇ ਤੌਰ ਤੇ ਮਾਇਕ ਸਹਾਇਤਾ ਭੇਜੀ । ਉਹਨਾਂ ਦਾ ਬਹੁਤ ਬਹੁਤ ਧੰਨਵਾਦ ।

### ਸਲਾਨਾ ਮੈਂਬਰ

| | |
|---|---|
| ਕਰਨਬੀਰ ਕੌਰ, ਸਰਕਾਰੀ ਆਦਰਸ਼ ਸਕੂਲ, ਭਾਗੂ | 100 ਰੁ. |
| ਸੁਖਵਿੰਦਰ ਸਿੰਘ, ਬੇਹਬਲਪੁਰ | 100 ਰੁ. |
| ਸਤਿੰਦਰ ਕੌਰ ਹੁੰਦਲ, ਮੁਹਾਲੀ | 100 ਰੁ. |
| ਹਰਭਜਨ ਸਿੰਘ ਧਾਰੀਵਾਲ, ਮੁਹਾਲੀ | 100 ਰੁ. |
| ਅਵਿਨਾਸ਼ ਕੌਰ ਬਿੰਦਰਾ, ਮਦਰਾਸ | 100 ਰੁ. |
| ਰਾਮ ਕੌਰ ਬੇਦੀ, ਸਾਊਥ ਐਕਸ, ਨਵੀਂ ਦਿਲੀ | 100 ਰੁ. |
| ਮ. ਸ. ਸਚਦੇਵਾ, ਮਲੋਟ | 50 ਰੁ. |
| ਬਨਾਰਸੀ ਦਾਸ, ਆਰੀਆ ਕਾਲਜ, ਜਲੰਧਰ ਛਾਉਣੀ | 100 ਰੁ. |

### ਵਿਸ਼ੇਸ਼ ਸਹਾਇਤਾ

| | |
|---|---|
| ਸ੍ਰ. ਇੰਦਰਜੀਤ ਸਿੰਘ, ਮੁਹਾਲੀ | 300 ਰੁ. |
| ਕੰਟੀਨੈਂਟਲ ਇੰਸੁਲੇਟਰਜ਼, ਚੰਡੀਗੜ੍ਹ | 500 ਰੁ. |
| ਨਾਰਦਨ ਇੰਡੀਆ ਇੰਡ., ਮੁਹਾਲੀ | 500 ਰੁ. |
| ਸ੍ਰ. ਹਰਦੀਪ ਸਿੰਘ, ਨੋਇਡਾ | 250 ਰੁ. |
| ਮ.ਸ. ਬਿੰਦਰਾ ਗਰੇਟਰ ਕੈਲਾਸ਼, ਨਵੀਂ ਦਿਲੀ | 250 ਰੁ. |
| ਸੂਰੀ ਪਰਿਵਾਰ, ਚੰਡੀਗੜ੍ਹ | 400 ਰੁ. |
| ਸ੍ਰ. ਬਲਵੰਤ ਸਿੰਘ ਕਲਸੀ, ਮੁਹਾਲੀ | 500 ਰੁ. |
| ਡਾ. ਤੇਜਪਾਲ ਸਿੰਘ, ਆਸਟ੍ਰੇਲੀਆ | 1000 ਰੁ. |

## ਗੁਰਮਤਿ ਸੰਗੀਤ ਵਿਸ਼ੇਸ਼ ਅੰਕ

ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿੱਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ-ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿਲੱਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਾਉੜੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ । ਕੀਮਤ ਕੇਵਲ 30-00 ਰੁਪਏ ਡਾਕ ਖਰਚ ਸਮੇਤ ।

ਅੰਮ੍ਰਿਤ ਕੀਰਤਨ ਟਰੱਸਟ
422, ਸੈਕਟਰ 15-ਏ, ਚੰਡੀਗੜ੍ਹ

## ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ 50 ਸ਼ਬਦਾਂ ਦੀਆਂ ਪ੍ਰੋ. ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿੱਚ ਰਚੀਆਂ ਨਿਵੇਕਲੀਆਂ ਸੁਰ ਲਿਪੀਆਂ ।

ਇਹ ਪੁਸਤਕ ਕੀਰਤਨੀਆਂ ਅਤੇ ਸੰਗੀਤ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ ।

ਸੰਪਾਦਕ : ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ. ਤਾਰਾ ਸਿੰਘ । ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ
ਪ੍ਰਕਾਸ਼ਕ : ਅੰਮ੍ਰਿਤ ਕੀਰਤਨ ਟ੍ਰਸਟ    ਕੀਮਤ: ਸਜਿਲਦ-70 ਰੁ.    ਪੇਪਰ ਬੈਕ-50 ਰੁ.
422, ਸੈਕਟਰ 15-ਏ, ਚੰਡੀਗੜ੍ਹ-160 015

## ਸਾਡੇ ਲਾਈਫ ਮੈਂਬਰ

ਪ੍ਰੋ. ਮਹਿੰਦਰ ਕੌਰ ਕੋਛੜ
1312, ਸੈਕਟਰ 15 ਬੀ
ਚੰਡੀਗੜ੍ਹ

## ਅੰਮ੍ਰਿਤ ਕੀਰਤਨ ਦੀਆਂ ਜਿਲਦਾਂ

'ਅੰਮ੍ਰਿਤ ਕੀਰਤਨ' ਦੇ ਪਿਛਲੇ ਸਾਲਾਂ ਦੇ ਅੰਕਾਂ ਦੀਆਂ ਕੁਝ ਜਿਲਦਾਂ ਮੌਜੂਦ ਹਨ ਲੋੜਵੰਦ ਸਜਣ ਚਿੱਠੀ ਪੱਤਰ ਕਰਨ ਦੀ ਕਿਰਪਾ ਕਰਨ ।

ਅੰਮ੍ਰਿਤ ਕੀਰਤਨ ਟ੍ਰਸਟ
422, ਸੈਕਟਰ 15-ਏ, ਚੰਡੀਗੜ੍ਹ

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ ਸਾਲ ਨੌਵਾਂ ਜਨਵਰੀ 1997

**ਸੰਪਾਦਕ (ਆਨਰੇਰੀ)**

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.

**ਸਹਿਯੋਗੀ**

ਡਾ. ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਲ ਸਿੰਘ ਸੋਮਲ

ਸ. ਜੋਤਿੰਦਰ ਸਿੰਘ ਸੋਹਲ

ਸ. ਹਰਭਜਨ ਸਿੰਘ ਚੋਪੜਾ

ਪ੍ਰੋ. ਸਤਵਿੰਦਰ ਸਿੰਘ

ਸ. ਕੇ. ਐਸ. ਚੁਘ

**ਚਿੱਤਰਕਾਰ**

ਗੁਰਦੀਪ ਸਿੰਘ ਦੀਪ

**ਸਰਪ੍ਰਸਤ**

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051, ਸੈਕਟਰ 27 ਬੀ,
ਚੰਡੀਗੜ
ਫੋਨ-650696


ਤਤਕਰਾ 1

ਮਿਤ੍ਰ ਅਸਾਡੜੇ ਸੇਈ 2

ਕਰਉ ਬੇਨੰਤੀਆਂ 3

ਗੁਰੂ ਗੋਬਿੰਦ ਸਿੰਘ ਜੀ ਦੀ ਭਗਤੀ ਸੰਗੀਤ ਨੂੰ ਦੇਣ 4
- ਡਾ. ਬਚਿੱਤਰ ਸਿੰਘ

ਪੰਜਾਬ ਦਾ ਭਗਤੀ ਸੰਗੀਤ 7

ਸਾਡੇ ਕੀਰਤਨੀਏ 12
-ਭਾਈ ਚਮਕੌਰ ਸਿੰਘ ਰਾਗੀ

ਪੁਸਤਕ ਚਰਚਾ 13
-ਡਾ. ਤ੍ਰਿਲੋਚਨ ਸਿੰਘ ਤਰਸੀ

ਸਰਗਰਮੀਆਂ 15

ਪ੍ਰਸ਼ਨਾਵਲੀ 16

ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ 17

ਸੁਰ ਲਿਪੀ 18
-ਪ੍ਰਿੰਸੀਪਲ ਦਿਆਲ ਸਿੰਘ

ਸੁਰ ਲਿਪੀ 18
-ਪ੍ਰੋ. ਕਰਤਾਰ ਸਿੰਘ

ਪ੍ਰਿੰਸੀਪਲ ਦਿਆਲ ਸਿੰਘ ਜੀ ਦੀਆਂ ਸੰਗੀਤ ਪੁਸਤਕਾਂ ਦਾ ਵੇਰਵਾ 20

ਕੀਰਤਨ ਕਲਾਸਾਂ 21

ਡਾਇਰੀ ਜੰਤਰੀ 24



**ਚੰਦੇ ਦਾ ਵੇਰਵਾ :**

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |

**ਚਿੱਠੀ ਪੱਤਰ ਲਈ ਪਤਾ :**

ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
45452

**ਇਸ਼ਤਿਹਾਰਾਂ ਦਾ ਵੇਰਵਾ**

| | |
|---|---|
| ਪਿਛਲਾ ਕਵਰ | 5000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. |



■ ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

■ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ ।

■ 'ਅੰਮ੍ਰਿਤ ਕੀਰਤਨ' ਲਈ ਚੈਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

# ਮ੍ਰਿਤ ਅਸਾਡੜੇ ਸੇਈ



ਅੰਮ੍ਰਿਤ ਕੀਰਤਨ ਮੈਗਜੀਨ ਮੈਨੂੰ ਚੰਗਾ ਲਗਦਾ ਹੈ ਕਿਉਂਕਿ ਇਸ ਵਿੱਚ ਪੁਰਾਤਨ ਕੀਰਤਨੀਆਂ ਦੀਆ ਪ੍ਰੇਰਨਾ ਮਈ ਜੀਵਨੀਆ ਪ੍ਰਕਾਸ਼ਿਤ ਹੁੰਦੀਆਂ ਹਨ । ਇਸ ਵਿੱਚ ਦਿਤੀ ਸੰਗੀਤ ਦੀ ਜਾਣਕਾਰੀ ਵਰਤਮਾਨ ਕੀਰਤਨੀਆਂ ਲਈ ਬੜੀ ਲਾਭਦਾਇਕ ਹੁੰਦੀ ਹੈ । ਸ਼ਬਦਾਂ ਦੇ ਅਰਥ ਵੀ ਕੀਰਤਨੀਆਂ ਨੂੰ ਸ਼ੁਧ ਗੁਰਬਾਣੀ ਗਾਉਣ ਲਈ ਪ੍ਰੇਰਨਾ ਦਿੰਦੇ ਹਨ । ਇਸ ਵਿਚ ਸੰਗੀਤ ਅਤੇ ਗੁਰਮਤ ਸੰਗੀਤ ਦੀਆਂ ਪੁਸਤਕਾਂ ਬਾਰੇ ਜਾਣਕਾਰੀ ਦਿਤੀ ਹੁੰਦੀ ਹੈ ।

**ਜਲੰਧਰ** — **ਗੁਰਮੀਤ ਸਿੰਘ**

ਪਿਛਲੇ ਮਹੀਨੇ ਦੇ 'ਅੰਮ੍ਰਿਤ ਕੀਰਤਨ' ਵਿਚ ਤੁਹਾਡਾ ਸੰਪਾਦਕੀ ਨਿਵੇਕਲੀ ਜਾਣਕਾਰੀ ਦੇਣ ਵਾਲਾ ਸੀ । ਡਾ. ਨਰੂਲਾ, ਡਾ. ਨੇਕੀ, ਸ. ਆਵਤ ਸਿੰਘ ਅਤੇ ਨਨਕਾਣਾ ਸਾਹਿਬ ਦੀ ਯਾਤਰਾ ਵਾਲੇ ਲੇਖ ਚੰਗੇ ਸਨ । ਅੰਮ੍ਰਿਤ ਕੀਰਤਨ ਟ੍ਰਸਟ' ਵਲੋਂ ਟ੍ਰਾਫੀਆਂ ਕਾਇਮ ਕਰਨ ਦੀ ਜਿਤਨੀ ਸ਼ਲਾਘਾ ਕੀਤੀ ਜਾਵੇ ਥੋਹੜੀ ਹੈ ।

**ਮਲੋਟ** — **ਮੰਗਤ ਸਿੰਘ ਮਸਤਾਨਾ**

'ਅੰਮ੍ਰਿਤ ਕੀਰਤਨ' ਮੈਗਜ਼ੀਨ ਵਿੱਚ ਕੀਰਤਨ, ਸੰਗੀਤ, ਰਾਗਾਂ, ਵੱਖ-ਵੱਖ ਥਾਵਾਂ ਤੇ ਸੰਗੀਤ ਦੀ ਸਿਖਲਾਈ, ਪ੍ਰਸਿੱਧ ਸੰਗੀਤਕਲਾ ਅਤੇ ਕੀਰਤਨੀਆਂ ਅਤੇ ਸਿਖ ਵਿਰਸੇ ਦੀ ਸੰਭਾਲ ਨਾਲ ਜੁੜ ਦੂਜੇ ਮੈਗਜ਼ੀਨਾਂ ਤੋਂ ਇਲਾਵਾ ਪੁਸਤਕਾਂ ਦੇ ਰੀਵੀਊ ਕਰਾਏ ਜਾਂਦੇ ਹਨ । ਇਹ ਸਾਡੇ ਲਈ ਬਹੁਤ ਉਪਯੋਗੀ ਹੈ । ਇਸ ਦੇ ਉਜਲ ਭਵਿਖ ਦੀ ਕਾਮਨਾ ਕਰਦੇ ਹਾਂ ।

**ਸਿਧਵਾਂ ਖੁਰਦ** — **ਹਰਿਜਸਜੀਤ ਕੌਰ**

ਰਾਗ ਸੂਹੀ ਵਿੱਚ ਬੀਬੀ ਅਮਰਜੀਤ ਕੌਰ ਅਤੇ ਪ੍ਰੋ. ਪਰਮਜੋਤ ਸਿੰਘ ਵਲੋਂ ਆਸਾ ਰਾਗ ਦੀ ਬੰਦਸ਼ਾਂ ਵਧੀਆ ਹਨ ।

**ਮਲੋਟ** — **ਪ੍ਰੋ. ਐਸ.ਐਸ. ਸਚਦੇਵਾ**

'ਅੰਮ੍ਰਿਤ ਕੀਰਤਨ' ਪੜ੍ਹਨ ਅਤੇ ਸੰਭਾਲਣ ਵਾਲਾ ਪਰਚਾ ਹੈ । ਇਸ ਦੀ ਸੁੰਦਰ ਦਿਖ ਖਾਸ ਕਰਕੇ ਟਾਈਟਲ ਉਪਰ ਦੀਪ ਜੀ ਦੇ ਚਿਤਰ ਪ੍ਰਭਾਵਸ਼ਾਲੀ ਹੁੰਦੇ ਹਨ ।

**ਨੋਇਡਾ** — **ਹਰਦੀਪ ਸਿੰਘ**

'ਅੰਮ੍ਰਿਤ ਕੀਰਤਨ' ਵਿਚੋਂ ਸਾਨੂੰ ਗੁਰਬਾਣੀ, ਸੰਗੀਤ, ਰਾਗਾਂ ਅਤੇ ਰਾਗੀਆਂ ਤੇ ਸੰਗੀਤ ਨਾਲ ਸਬੰਧਤ ਹਰ ਤਰ੍ਹਾਂ ਦੀ ਜਾਣਕਾਰੀ ਮਿਲਦੀ ਹੈ । ਵਾਹਿਗੁਰੂ ਇਸ ਪੱਤ੍ਰਿਕਾ ਨੂੰ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਣ ਵਿੱਚ ਤੁਹਾਡੇ ਸਦਾ ਅੰਗ ਸੰਗ ਰਹੇ ।

**ਪਟਿਆਲਾ** — **ਨਵਸੰਗੀਤ ਸਿੰਘ**


## ਆਪਣੇ ਸਨੇਹੀ ਨੂੰ 'ਅੰਮ੍ਰਿਤ ਕੀਰਤਨ' ਤੋਹਫੇ ਵਜੋਂ ਭੇਟ ਕਰੋ !

ਤੁਸੀਂ ਆਪਣੇ ਅਤਿ ਪਿਆਰੇ ਸਨੇਹੀ ਨੂੰ ਤੋਹਫਾ ਦੇਣਾ ਚਾਹੁੰਦੇ ਹੋ ! ਹੋਰ ਵਸਤਾਂ ਭੁਲ-ਭੁਲਾ ਜਾਂਦੀਆਂ ਹਨ ਪਰ 'ਅੰਮ੍ਰਿਤ ਕੀਰਤਨ' ਹਰ ਮਹੀਨੇ ਤੁਹਾਡੇ ਸਨੇਹੀ ਕੋਲ ਪੁੱਜ ਕੇ ਤੁਹਾਡੀ ਯਾਦ ਤਾਜ਼ਾ ਕਰਾਏਗਾ ! ਅੱਜ ਹੀ ਚੰਦਾ ਭੇਜ ਕੇ ਇਹ ਸੁੰਦਰ ਤੋਹਫਾ ਭੇਟ ਕਰੋ ।

**ਅੰਮ੍ਰਿਤ ਕੀਰਤਨ ਟ੍ਰਸਟ**
**422, ਸੈਕਟਰ 15-ਏ ਚੰਡੀਗੜ੍ਹ ।**

# ਕਰਉ ਬੇਨੰਤੀਆ

## ਹਰਿ ਜੀਉ ਹੰਕਾਰ ਨਾ ਭਾਵਈ

ਪ੍ਰਮਾਤਮਾ ਮਨੁੱਖ ਨੂੰ ਚੰਗਾ ਬਣਾਉਣ ਲਈ ਆਪਣੀ ਕੁਦਰਤ ਰਾਹੀਂ ਨਿੱਕੇ ਨਿੱਕੇ ਸੰਕੇਤ ਹਰ ਸਮੇਂ ਦਿੰਦਾ ਰਹਿੰਦਾ ਹੈ । ਪਰ ਗਲਫਤ ਦੀ ਨੀਂਦ ਵਿੱਚ ਸੁੱਤਾ ਮਨੁੱਖ ਉਹਨਾਂ ਵੱਲ ਧਿਆਨ ਨਹੀਂ ਦਿੰਦਾ ਅਤੇ ਨਾ ਹੀ ਕੁਝ ਸਿਖਣ ਦਾ ਜਤਨ ਕਰਦਾ ਹੈ । ਜਿਹੜੇ ਸੁਚੇਤ ਹੁੰਦੇ ਹਨ ਉਹ ਰੁੱਖਾਂ, ਜੀਵਾਂ, ਜੰਤੂਆਂ ਅਤੇ ਨਿਰਜੀਵਾਂ ਕੋਲੋਂ ਵੀ ਕੁਝ ਨਾ ਕੁਝ ਸਿਖਦੇ ਰਹਿੰਦੇ ਹਨ । ਮਨੁੱਖ ਨੂੰ ਸਿਖਿਆ ਦੇਣ ਲਈ ਘਾਹ, ਬੰਬੀਹਾ, ਕੋਇਲ, ਹਰਹਟ ਆਦਿ ਸੰਕੇਤ ਗੁਰਬਾਣੀ ਵਿਚ ਪ੍ਰਯੋਗ ਕੀਤੇ ਗਏ ਹਨ ।

ਕਈ ਵਾਰ ਮਨੁੱਖ ਨੂੰ ਆਪਣੀਆਂ ਇਛਾਵਾਂ ਨਿੱਕੇ-ਨਿੱਕੇ ਕਾਰਨਾਂ ਕਰਕੇ ਅਧੂਰੀਆਂ ਰਹਿੰਦੀਆਂ ਜਾਪਦੀਆਂ ਹਨ ਤਾਂ ਉਹ ਬਹੁਤ ਨਿਰਾਸ ਹੁੰਦਾ ਹੈ । ਉਹ ਭੁਲ ਜਾਂਦਾ ਹੈ ਕਿ ਪ੍ਰਮਾਤਮਾ ਨੂੰ ਹਉਮੈ ਚੰਗੀ ਨਹੀਂ ਲਗਦੀ ਅਤੇ ਹਉਮੈ ਵਿੱਚ ਕੀਤੇ ਕਈ ਚੰਗੇ ਕੰਮ ਵੀ ਮੰਦੇ ਨਤੀਜੇ ਪੈਦਾ ਕਰਦੇ ਹਨ । ਹਉਮੈ ਅਧੀਨ ਅਤੇ ਹੰਕਾਰ ਅਧੀਨ ਅਸੀਂ ਬਹੁਤ ਸਾਰੇ ਧਾਰਮਿਕ ਕੰਮ ਵੀ ਕਰਦੇ ਹਾਂ ਤਾਂ ਉਹ ਵਿਖਾਵਾ ਹੀ ਬਣ ਜਾਂਦੇ ਹਨ । ਅਜੋਕੇ ਧਾਰਮਿਕ ਸਮਾਗਮਾਂ ਉਪਰ ਬੇਲੋੜੇ ਅਡੰਬਰ ਇਹੋ ਕੁਝ ਹੀ ਤਾਂ ਦਰਸਾਉਂਦੇ ਹਨ । ਖੈਰ ਇਹਨਾਂ ਵੱਡੀਆਂ ਬਿਮਾਰੀਆਂ ਨੂੰ ਠੀਕ ਕਰਨ ਲਈ ਪ੍ਰਮਾਤਮਾ ਆਪ੍ਰੇਸ਼ਨ ਵੀ ਵੱਡਾ ਹੀ ਕਰਦਾ ਹੈ ।

ਕੁਝ ਗੱਲਾਂ ਨਿੱਕੀਆਂ ਹੁੰਦੀਆਂ ਹਨ ਪਰ ਉਹਨਾਂ ਵਿੱਚ ਸਿੱਖਿਆ ਵੱਡੀ ਹੁੰਦੀ ਹੈ ।

ਜਦੋਂ ਕੀਰਤਨ ਕਰਦਾ ਹਾਂ ਤਾਂ ਕਈ ਵਾਰ ਕੀਰਤਨ ਚੰਗਾ ਹੋ ਜਾਂਦਾ ਹੈ । ਸਰੋਤੇ ਕੁਝ ਵਧੇਰੇ ਵਾਹ-ਵਾਹ ਕਰਦੇ ਹਨ । ਮੈਨੂੰ ਹੰਕਾਰ ਹੋ ਜਾਂਦਾ ਹੈ । ਮੈਂ ਬੜਾ ਵਧੀਆਂ ਕੀਰਤਨੀਆਂ ਹਾਂ, ਮੇਰੇ ਜਿੰਨਾਂ ਪੜ੍ਹਿਆ ਲਿਖਿਆ ਕੀਰਤਨੀਆਂ ਕਿਹੜਾ ਹੈ ਤੇ ਮੈਂ ਗੁਬਾਰੇ ਵਾਂਗੂ ਫੁੱਲ ਜਾਂਦਾ ਹੈ । ਤੇ ਪ੍ਰਮਾਤਮਾ ਕੋਈ ਐਸੀ ਖੇਡ ਵਰਤਾਂਦਾ ਹੈ ਜਿਵੇਂ ਕਿਸੇ ਗੁਬਾਰੇ ਨੂੰ ਨਿੱਕੀ ਪਿੰਨ ਮਾਰ ਦਿਓ ਤੇ ਗੁਬਾਰਾ ਫੂੱਸ ਹੋ ਜਾਂਦਾ ਹੈ । ਇਹੋ ਮੇਰਾ ਹਾਲ ਹੁੰਦਾ ਹੈ ।

ਇਕ ਵਾਰ ਅਸੀਂ ਦਿਲੀ ਡੀਫੈਂਸ ਕਾਲੋਨੀ ਸ੍ਰ. ਬਲਬੀਰ ਸਿੰਘ ਆਹੂਜਾ ਹੋਰਾਂ ਦੇ ਘਰ ਕੀਰਤਨ ਕਰਨ ਗਏ । ਸ੍ਰ. ਬਲਬੀਰ ਸਿੰਘ ਅਹੂਜਾ ਦਾ ਪਰਿਵਾਰ ਬੜਾ ਗੁਰੂ ਸੁਆਰਿਆ ਪਰਿਵਾਰ ਹੈ ਉਹਨਾਂ ਦੇ ਬੱਚੇ ਪ੍ਰੀਤੀ, ਰਵੀ, ਪੋਤਰੀਆਂ ਸਾਰੇ ਹੀ ਬੜੇ ਪਿਆਰੇ ਹਨ । ਸਾਡੇ ਤੇ ਉਹ ਕੁਝ ਵਧੇਰੇ ਹੀ ਮਿਹਰਬਾਨ ਹੁੰਦੇ ਹਨ । ਉਹਨਾਂ ਦੇ ਘਰ ਕੀਰਤਨ ਕੀਤਾ । ਕੀਰਤਨ ਗੁਰੂ ਕਿਰਪਾ ਸਦਕਾ ਚੰਗਾ ਹੋ ਗਿਆ । ਸਾਰਿਆਂ ਨੇ ਸਿਫਤ ਕੀਤੀ । ਉਸ ਤੋਂ ਬਾਦ ਅਸੀਂ ਨੋਇਡਾ ਕੀਰਤਨ ਕਰਨ ਜਾਣਾ ਸੀ । ਇਥੇ ਵੀਰ ਸੁਰਿੰਦਰਪਾਲ ਸਿੰਘ, ਹਰਦੀਪ ਸਿੰਘ ਆਦਿ ਨੇ ਬੜੇ ਚਾਅ ਨਾਲ ਕੀਰਤਨ ਦਾ ਪ੍ਰੋਗਰਾਮ ਬਣਾਇਆ ਸੀ ਡੀਫੈਂਸ ਕਾਲੋਨੀ ਵਾਲੀ ਸਿਫਤ ਮੇਰੇ ਸਿਰ ਚੜ੍ਹ ਗਈ ਸੀ । ਬੜੀ ਆਕੜ ਵਿੱਚ ਨੋਇਡਾ ਪਹੁੰਚੇ ਤੇ ਉਥੇ ਕੀਰਤਨ ਸ਼ੁਰੂ ਕੀਤਾ । ਅਜੇ ਇੱਕ ਹੀ ਸ਼ਬਦ ਪੜ੍ਹਿਆ ਸੀ ਕਿ ਗਲਾ ਬੰਦ ਹੋ ਗਿਆ । ਐਸੀ ਖਾਂਸੀ ਛਿੜੀ ਕਿ ਕੀਰਤਨ ਵਿੱਚੇ ਹੀ ਛੱਡਣਾ ਪਿਆ । ਮੈਂ ਰੋਣਹਾਕਾ ਹੋ ਕੇ ਸੰਗਤਾਂ ਕੋਲੋਂ ਮੁਆਫੀਆਂ ਮੰਗਦਾ ਰਿਹਾ । ਮੇਰੀ ਆਕੜ ਭੱਜ ਗਈ । ਕਾਸ਼ ਇਹ ਗੱਲ ਸਦਾ ਯਾਦ ਰਹੇ ਕਿ ਕੀਰਤਨ ਕਰਾਉਣ ਵਾਲਾ ਆਪ ਕਰਤਾਰ ਹੀ ਹੈ । ਅਸੀਂ ਤਾਂ ਐਵੇਂ ਸਾਜ਼ ਜਿਹੇ ਹਾਂ ਜਿਵੇਂ ਉਹ ਵਜਾਵੇ ਉਵੇਂ ਹੀ ਵਜਣਾ ਚਾਹੀਦਾ ਹੈ ।

ਇੱਕ ਹੋਰ ਘਟਨਾ ਵੀ ਮੇਰੇ ਲਈ ਬੜੀ ਸਿਖਿਆਦਾਇਕ ਰਹੀ ਹੈ । ਇੱਕ ਵਾਰ ਅਸੀਂ ਦੋ ਪਰਿਵਾਰਾਂ ਨੇ ਮਿਲ ਕੇ ਆਗਰਾ ਆਦਿ ਸ਼ਹਿਰ ਬੱਚਿਆਂ ਨੂੰ ਵਿਖਾਣ ਦਾ ਪ੍ਰੋਗਰਾਮ ਬਣਾਇਆ । ਸਾਡੇ ਨਾਲ ਸ੍ਰ. ਦਵਿੰਦਰ ਸਿੰਘ, ਰਵਿੰਦਰ ਕੌਰ, ਅਨੁਗੀਤ ਕੌਰ, ਜਾਸਮੀਨ ਕੌਰ, ਜਸਕੀਰਤ ਸਿੰਘ ਗੰਡੋਕ ਪਰਿਵਾਰ ਅਤੇ ਸਾਡਾ ਪਰਿਵਾਰ ਮੈਂ, ਕੁਲਵੰਤ ਕੌਰ, ਹਰਸ਼ਗੀਤ ਕੌਰ ਅਤੇ ਹਰਗੁਨਗੀਤ ਸਿੰਘ ਸਾਂ । ਆਗਰੇ ਤੋਂ ਵਾਪਸ ਅਸੀਂ ਦਿਲੀ ਗੁਰਦੁਆਰਾ ਸੀਸ ਗੰਜ ਸਾਹਿਬ ਠਹਿਰਨਾ ਸੀ । ਉਥੇ ਕਈ ਵਾਰ ਕੀਰਤਨ ਕੀਤਾ ਹੈ । ਬਹੁਤ ਸਾਰੇ ਸੇਵਾਦਾਰ ਜਾਣਦੇ ਹਨ । ਜਦੋਂ ਅਸੀਂ ਗੁਰਦੁਆਰਾ ਸੀਸ ਗੰਜ ਸਾਹਿਬ ਪਹੁੰਚੇ ਤਾਂ ਉਥੇ ਕਿਸੇ ਕੀਰਤਨ ਦਰਬਾਰ ਦੇ ਵੱਡੇ-ਵੱਡੇ ਇਸ਼ਤਿਹਾਰ ਲੱਗੇ ਹੋਏ ਸਨ । ਉਹਨਾਂ ਵਿੱਚ ਮੇਰਾ ਨਾਂ ਵੀ ਸੀ । ਮੈਂ ਬੜੀ ਸ਼ਾਨ ਨਾਲ ਆਪਣਾ ਨਾਂ ਸਾਰਿਆਂ ਨੂੰ ਦੱਸਿਆ ਤੇ ਬੜੇ ਅਭਿਮਾਨ ਵਿੱਚ ਆ ਗਿਆ । ਆਪਣੇ ਸੰਬੰਧੀਆਂ ਨੂੰ ਕਹਿਣ ਲੱਗਾ ਕਿ ਇਥੇ ਕਮਰਾ ਲੈਣ ਵਿੱਚ ਕੋਈ ਮੁਸ਼ਕਲ ਨਹੀਂ ਆਵੇਗੀ ।

ਜਦੋਂ ਸਰਾਂ ਦੇ ਇੰਚਾਰਜ ਕੋਲ ਗਏ ਤਾਂ ਉਸ ਨੇ ਕਿਹਾ ਕਿ ਕੋਈ ਕਮਰਾ ਨਹੀਂ ਮਿਲ ਸਕਦਾ, ਹਾਲ ਵਿੱਚ ਥਲੇ ਬਿਸਤਰ ਲਾ ਲਵੋ । ਮੈਂ ਉਸ ਨੂੰ ਕਿਹਾ ਕਿ ਮੈਂ ਡਾਕਟਰ ਜਾਗੀਰ ਸਿੰਘ ਹਾਂ । ਇੰਚਾਰਜ ਸਾਹਿਬ ਕਹਿਣ – ਫਿਰ ਅਸੀਂ ਕੀ ਕਰੀਏ ? ਮੈਂ ਪ੍ਰਬੰਧਕ ਕਮੇਟੀ ਦੇ ਇੱਕ ਮੈਂਬਰ ਦਾ ਨਾਂ ਲਿਆ ਤਾਂ ਉਤਰ ਮਿਲਿਆ – ਉਹ ਕਮਰਾ ਬਣਵਾ ਦੇਣਗੇ ?

ਸਾਰਿਆਂ ਦੇ ਸਾਹਮਣੇ ਮੇਰੀ ਬੜੀ ਬੇਇਜ਼ਤੀ ਹੋਈ । ਮੇਰੇ ਗੁਬਾਰੇ ਵਿੱਚ ਪਿੰਨ ਵੱਜ ਗਈ ਸੀ ਤੇ ਬੜੀ ਨਿਮਰਤਾ ਨਾਲ ਜਾ ਕੇ ਗੁਰਦੁਆਰਾ ਸਾਹਿਬ ਮੱਥਾ ਟੇਕਿਆ । ਆਪਣੀ ਹਉਮੈਂ ਦੀ ਮੁਆਫੀ ਮੰਗੀ । ਜਦੋਂ ਮੱਥਾ ਟੇਕ ਕੇ ਬਾਹਰ ਆਏ ਤਾਂ ਇੱਕ ਜਾਣਕਾਰ ਸੱਜਣ ਮਿਲ ਗਏ । ਖੈਰ ਰਾਤ ਰਹਿਣ ਲਈ ਕਮਰਾ ਵੀ ਮਿਲ ਗਿਆ ।

ਇੰਜ ਕਈ ਵਾਰ ਨਿੱਕੀਆਂ ਨਿੱਕੀਆਂ ਘਟਨਾਵਾਂ ਵਾਪਰਦੀਆਂ ਹਨ ਜਿਹਨਾਂ ਤੋਂ ਸਾਨੂੰ ਸਿੱਖਿਆ ਮਿਲਦੀ ਹੈ । ਪਰ ਅਸੀਂ ਹਾਂ ਕਿ ਭੁੱਲ ਜਾਂਦੇ ਹਾਂ ।

ਤੁਹਾਡੇ ਨਾਲ ਵੀ ਕਦੀ ਇੰਜ ਵਾਪਰਿਆ ਹੋਵੇਗਾ । ਸਾਡੇ ਪਾਠਕਾਂ ਨਾਲ ਸਾਂਝਾ ਕਰੋ ।

ਜਾਗੀਰ ਸਿੰਘ

# ਗੁਰੂ ਗੋਬਿੰਦ ਸਿੰਘ ਜੀ ਦੀ ਭਗਤੀ ਸੰਗੀਤ ਨੂੰ ਦੇਣ

**ਡਾ. ਬਚਿੱਤਰ ਸਿੰਘ**



ਗੁਰੂ ਗੋਬਿੰਦ ਸਿੰਘ ਜੀ ਲਾਸਾਨੀ ਪ੍ਰਤਿਭਾ ਦੇ ਮਾਲਿਕ ਸਨ । ਆਪ ਜੀ ਨੂੰ ਸਾਹਿੱਤ ਅਤੇ ਕਲਾ ਦੇ ਖੇਤਰ ਵਿੱਚ ਵੀ ਬਹੁਤ ਉਚਾ ਸਥਾਨ ਪ੍ਰਾਪਤ ਹੈ । ਇਹ ਨਾ ਕੇਵਲ ਬ੍ਰਿਜ ਭਾਸ਼ਾ, ਫ਼ਾਰਸੀ ਅਤੇ ਹਿੰਦੀ ਦੇ ਹੀ ਮਹਾਨ ਕਵੀ ਸਨ ਸਗੋਂ ਉਹ ਸੂਰਬੀਰ, ਯੋਧਾ, ਅਤੇ ਕਲਾਕਾਰ ਸਨ । 42 ਵਰ੍ਹਿਆਂ ਦੇ ਆਪਣੇ ਜੀਵਨ ਵਿੱਚ ਉਨ੍ਹਾਂ ਅਨੇਕ ਕਠਿਨਾਈਆਂ ਦਾ ਸਾਹਮਣਾ ਕਰਦੇ ਹੋਏ ਭਾਰਤੀ ਸਾਹਿਤ, ਸੰਗੀਤ ਅਤੇ ਕੌਮ ਨੂੰ ਨਵੀਂ ਸੇਧ ਪ੍ਰਦਾਨ ਕੀਤੀ ।

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 26 ਦਸੰਬਰ ਸੰਨ 1666 ਈਸਵੀਂ ਨੂੰ ਪਟਨੇ ਵਿਖੇ ਹੋਇਆ । ਇਨ੍ਹਾਂ ਦੇ ਪਿਤਾ ਗੁਰੂ ਤੇਗ ਬਹਾਦਰ ਅਤੇ ਮਾਤਾ ਦਾ ਨਾਂ ਗੁਜਰੀ ਸੀ । ਬਚਪਨ ਵਿੱਚ ਇਨ੍ਹਾਂ ਦਾ ਪਾਲਣ ਪੋਸ਼ਣ ਇਨ੍ਹਾਂ ਦੇ ਮਾਮੇ ਕਿਰਪਾਲ ਚੰਦ ਜੀ ਨੇ ਕੀਤਾ । ਬਚਪਨ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਖਣ ਬੁੱਧੀ ਦੇ ਮਾਲਕ ਸਨ । ਛੇ ਵਰ੍ਹਿਆਂ ਦੀ ਉਮਰ ਵਿੱਚ ਹੀ ਇਨ੍ਹਾਂ ਦੀਆਂ ਖੇਡਾਂ ਵਿੱਚ ਅਸਧਾਰਨ ਚਿੰਨ੍ਹ ਦਿਖਾਈ ਦਿੰਦੇ ਸਨ । ਛੇ ਸਾਲ ਦੀ ਉਮਰ ਤੱਕ ਪਟਨੇ ਰਹੇ, ਫਿਰ ਆਨੰਦਪੁਰ ਸਾਹਿਬ ਆ ਗਏ । ਆਨੰਦਪੁਰ ਸਾਹਿਬ ਵਿੱਚ ਗੁਰੂ ਜੀ ਦੀ ਸਿਖਿਆ ਦਾ ਹਰ ਤਰ੍ਹਾਂ ਦਾ ਪ੍ਰਬੰਧ ਕੀਤਾ ਗਿਆ । 1675 ਈਸਵੀਂ ਵਿੱਦ ਗੁਰੂ ਜੀ ਨੂੰ ਗੁਰਿਆਈ ਗੱਦੀ ਦਿੱਤੀ ਗਈ ।

ਸ੍ਰੀ ਗੁਰੂ ਗ੍ਰੰਥ ਸਾਹਿਬ (ਆਦਿ ਗ੍ਰੰਥ) ਤੋਂ ਬਾਅਦ ਸਿੱਖ ਸਮਾਜ ਵਿੱਚ ਦੂਸਰਾ ਵਿਸਤਰਿਤ ਧਾਰਮਿਕ ਗ੍ਰੰਥ 'ਦਸਮ ਗ੍ਰੰਥ' ਹੈ । ਪਰੰਤੂ 'ਆਦਿ ਗ੍ਰੰਥ' ਦੀ ਪ੍ਰਮਾਣਿਕਤਾ ਜਿੰਨੀ ਬਿਨਾਂ ਸ਼ੱਕ ਹੈ, ਦਸਮ ਗ੍ਰੰਥ ਦੀ ਪ੍ਰਮਾਣਿਕਤਾ ਉਨੀ ਹੀ ਸੰਦੇਹ ਪੂਰਵਕ ਹੈ ਗੁਰੂ ਜੀ ਦੀ ਸੰਗੀਤਕ, ਪ੍ਰਤਿਭਾ ਸਿੱਖ ਇਤਿਹਾਸ ਅਤੇ ਪਰੰਪਰਾ ਦੇ ਅਨੁਸਾਰ ਗੁਰੂ ਜੀ ਨੇ ਆਪਣੇ ਦਰਬਾਰ ਵਿੱਚ 52 ਕਵੀ ਰੱਖੇ ਹੋਏ ਸਨ ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਬੀਰ ਰਸੀ ਕਵਿਤਾ ਪੰਜਾਬੀ ਸਾਹਿੱਤ ਵਿੱਚ ਉਤਮ ਨਮੂਨਾ ਹੈ । ਇਨ੍ਹਾਂ ਦੇ ਦਰਬਾਰੀ ਕਵੀ ਇਨ੍ਹਾਂ ਦੀਆਂ ਪਾਈਆਂ ਲੀਹਾਂ ਦੇ ਅਨੁਸਾਰ ਹੀ ਕਵਿਤਾ ਰਚਦੇ ਸਨ । ਭਾਈ ਮਨੀ ਸਿੰਘ ਨੇ ਗੁਰੂ ਜੀ ਅਤੇ ਉਨ੍ਹਾਂ ਦੇ 52 ਕਵੀਆਂ ਦੀਆਂ ਰਚਨਾਵਾਂ ਦਾ 'ਦਸਮ ਗ੍ਰੰਥ' ਵਿੱਚ ਸੰਕਲਨ ਕੀਤਾ ਹੈ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਤੋਂ ਸਿੰਘ ਸਾਜੇ । ਇਨ੍ਹਾਂ ਨੇ ਨਾ ਕੇਵਲ ਮੁਰਦਾ ਹੋਈ ਹਿੰਦੂ ਜਾਤੀ ਦੇ ਅੰਦਰਲੇ ਵਿਚਾਰਾਂ ਨੂੰ ਬਦਲਿਆ ਸਗੋਂ ਖਾਲਸੇ ਨੂੰ ਵਿਲੱਖਣ ਸ਼ਖਸ਼ੀਅਤ ਦਾ ਮਾਲਕ ਬਣਾਇਆ । ਦਮਦਮਾ ਸਾਹਿਬ ਵਿੱਚ ਕੁਝ ਸਮਾ ਰਹਿ ਕੇ ਇਨ੍ਹਾਂ ਨੇ ਭਾਈ ਮਨੀ ਸਿੰਘ ਤੋਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਾਈ ।

ਦਸਮ ਗ੍ਰੰਥ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਜਿੱਥੇ ਮਹਾਨ ਧਾਰਮਿਕ ਆਗੂ ਸਨ ਉਥੇ ਅਦੁੱਤੀ ਕਵੀ ਤੇ ਸੰਗੀਤ ਵੇਤਾ ਵੀ ਸਨ । ਇਹੋ ਕਾਰਨ ਹੈ ਕਿ ਇਨ੍ਹਾਂ ਦੀਆਂ ਰਚਨਾਵਾਂ ਵਿੱਚ ਸਧਾਰਨ ਪੱਧਰ ਦੇ ਮਨੁੱਖ ਨੂੰ ਆਤਮਕ, ਸਰੀਰਕ, ਸਮਾਜਿਕ ਅਤੇ ਬੌਧਿਕ ਪੱਧਰ ਤੋਂ ਉਚਿਆਣ ਦੇ ਸਾਰੇ ਗੁਣ ਵਿਦਮਾਨ ਹਨ । ਗੁਰੂ ਜੀ ਨੇ ਇਸ ਲੋਕ ਵਿੱਚ ਆਪਣੇ ਆਉਣ ਦਾ ਉਦੇਸ਼ ਕਿੰਨੇ ਸੁੰਦਰ ਸ਼ਬਦਾਂ ਵਿੱਚ ਦਰਸਾਇਆ ਹੈ :

**"ਹਮ ਇਹ ਕਾਜ ਜਗਤ ਮੋ ਆਏ**
**ਧਰਮ ਹੇਤੁ ਗੁਰਦੇਵ ਪਠਾਏ**
**ਜਹਾਂ ਤਹਾਂ ਤੁਮ ਧਰਮ ਬਿਥਾਰੋ**
**ਦੁਸ਼ਟ ਦੋਖੀਅਨ ਪਕਰ ਪਛਾਰੋ**
**ਯਾ ਹੀ ਕਾਜ ਧਰਾ ਹਮ ਜਨਮੰ**
**ਸਮਝ ਲੇਹੁ ਸਾਧੂ ਸਭ ਮਨਮੰ**
**ਧਰਮ ਚਲਾਵਨ ਸੰਤ ਉਬਾਰਨ**
**ਦੁਸਟ ਸਭਨ ਕੋ ਮੂਲ ਉਪਾਰਨ ॥"**

ਇਨ੍ਹਾਂ ਦੀਆਂ ਰਚਨਾਵਾਂ ਪੜ੍ਹ ਕੇ ਸਹਿਜੇ ਤੇ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹ ਸੰਸਕ੍ਰਿਤ, ਪ੍ਰਾਕ੍ਰਿਤ, ਅਰਬੀ, ਫ਼ਾਰਸੀ, ਬ੍ਰਿਜ ਅਤੇ ਪੰਜਾਬੀ ਆਦਿ ਭਾਸ਼ਾਵਾਂ ਦੇ ਮਹਾਨ ਵਿਦਵਾਨ ਸਨ ।

**ਦਸਮ ਗ੍ਰੰਥ ਵਿੱਚ ਸੰਗੀਤਕ ਸ਼ਬਦਾਵਲੀ** : ਗੁਰੂ ਜੀ ਨੇ ਜਾਪੁ ਸਾਹਿਬ ਵਿੱਚ ਸੰਗੀਤ ਦੀ ਸ਼ਬਦਾਵਲੀ (ਗਾਇਨ, ਵਾਦਨ, ਨ੍ਰਿਤ, ਨਾਚ ਅਤੇ ਤਾਨਾਂ) ਨੂੰ ਕਿੰਨੇ ਗਹਿਰਾਈ ਨਾਲ ਉਸ ਅਕਾਲ ਪ੍ਰਭੂ ਦੀ ਉਸਤਤੀ ਲਈ ਵਰਤਿਆ ਹੈ ਜੋ ਆਪਣੀ ਮਿਸਾਲ ਆਪ ਹੈ ।

**"ਨਮੋ ਗੀਤ ਗੀਤੇ ॥ ਨਮੋ ਤਾਨ ਤਾਨੈ ॥**
**ਨਮੋ ਨਰਿਤ ਨਰਿਤੈ ॥ ਨਮੋ ਨਾਦ ਨਾਦੇ ॥**
**ਨਮੋ ਪਾਨ ਪਾਨੇ ॥ ਨਮੋ ਬਾਦ ਬਾਦੇ ॥**

ਇਸ ਤੋਂ ਬਿਨਾਂ ਸੰਸਕ੍ਰਿਤ ਸ਼ਬਦਾਵਲੀ ਦੀ ਵਰਤੋਂ "ਉਘਟਤ ਤਾਨ ਤਰੰਗ ਰੰਗ ਅਤਿ" ਇੰਨੇ ਸੁੰਦਰ ਢੰਗ ਨਾਲ ਕੀਤੀ ਹੈ ।

ਸਰਬ ਲੋਹ ਗ੍ਰੰਥ ਵਿੱਚ ਵੱਖ ਵੱਖ ਰਾਗਾਂ ਵਿੱਚ ਬਾਣੀ ਦਿੱਤੀ ਗਈ ਹੈ ਜਿਨ੍ਹਾਂ ਦੀ ਗਿਣਤੀ ਲਗਭਗ 150 ਦੇ ਨਜ਼ਦੀਕ ਹੈ :

ਸਾਰੰਗ, ਆਸਾ, ਕਾਫੀ, ਬੈਰਾੜੀ, ਤਿਲੰਗ,
ਗੌੜੀ, ਆਸਾਵਰੀ, ਤੋੜੀ, ਹਰਖ,
ਭੈਰੋਂ, ਨਟ ਨਾਰਾਇਣ, ਗੌੜ, ਦੇਵਸਾਖ,
ਰਾਮਕਲੀ, ਕਾਫੀ, ਨਟ, ਗੌੜ, ਬਿਲਾਵਲ, ਮਧਮਾਦ,
ਗੁਜ਼ਰੀ, ਨਟ, ਸਾਰੰਗ, ਭੈਰਵੀ,
ਦੇਵਗੰਧਾਰੀ, ਮਾਲੀਗੌੜਾ, ਕਾਫੀ, ਬੰਗਾਲਮ,
ਪ੍ਰਭਾਤੀ, ਕਾਨੜਾ, ਹਮੀਰ, ਬੰਗਾਲ,
ਧਨਾਸਰੀ, ਕਲਿਆਣ, ਗੰਭੀਰ, ਅਸਲੇਖੀ,
ਬਿਲਾਵਲ, ਮਾਰੂ, ਕੁੰਭ, ਲਲਿਤ,
ਸੂਹੀ, ਪਰਜ, ਮਲਹਾਰ, ਗੰਧਾਰੀ,
ਬਿਹਾਗ, ਕੇਦਾਰਾ, ਮਲਹਾਰ, ਭੈਰੋਂ, ਗੰਧਾਰੀ, ਸਿਊਤੀ,
ਤਿਲੰਗ, ਸੋਹਨੀ, ਸ਼ਾਮ, ਮਸਤੰਗ,
ਸ੍ਰੀ, ਜੈਜੈਵੰਤੀ, ਬਸੰਤ, ਮੇਵਾਰਾ,
ਮਾਝ, ਤੁਖਾਰੀ, ਬਸੰਤ, ਹਿੰਡੋਲ,
ਗੌੜੀ, ਪੂਰਬੀ, ਬਿਹਾਗੜੀ, ਬਸੰਤ, ਮਲਹਾਰੀ, ਪ੍ਰਬਲਚੰਦ,
ਗੌੜੀ, ਬੈਰਾਗਣ, ਬਿਹਾਗੜਾ, ਅੜਾਨਾ, ਮਾਲਕੌਂਸ, ਕੌਸਿਕ,
ਗੌੜੀ, ਚੇਤੀ, ਮਾਰਵਾ, ਮੇਘ, ਕੁਮਹਾਰਾ,
ਆਸਾ, ਜੈਤਸ੍ਰੀ, ਦੀਪਕ, ਖੌਖਟ,
ਰੰਗ, ਦੀਪਕ, ਕਾਫੀ, ਸੰਕਰਸੁਜਾਤੀ,
ਸੰਦੂਰ, ਮੰਗਲਮ, ਭੂਪਾਲੀ, ਮ੍ਰਿਗਲੋਚਨ,
ਸਰਸ, ਕਸਮ, ਖੰਭਾਯਚ, ਸ਼ੰਕਰ, ਗੰਧਾਰੀ,
ਅਹੀਰੀ, ਜਲਧਾਰਾ, ਵ੍ਰਿਧ, ਖੰਭਾਯਚ,
ਅਹੀਰੀ, ਹਿੰਦਵੀ, ਰਸਾਲੂ,
ਅਹੀਰੀ, ਗੁਆਰੇਰੀ, ਵੈਰਾਧਰ, ਦੀਪਕ,
ਗੰਧਰਵੀ, ਸੁਮਾਨੰਦ,
ਗੌਣਕਰੀ, ਗਜਧਰ, ਕੁਸ਼ਮੰਜਲੀ,
ਪਟਮੰਜਰੀ, ਕਾਮੋਦ, ਦੇਵਪਲਾਸੀ,
ਕਾਮੋਦੀ, ਰਾਮਾ, ਸਿੰਧਵੀ, ਲਲਿਤ, ਵਿਰੰਗੀ,
ਕਾਲੰਕਾ, ਜਬਲੀਧਰ, ਗੁਣਵਤੀ,
ਕੁਤਲ, ਹਿੰਡੋਲ, ਝਿੰਝੋਟੀ,
ਭਾਸਕਰ, ਬਸਾਲੀ, ਸੁਰਬੰਗਾਲੀ,
ਚੰਦਰ, ਬਿੰਬ, ਜੰਗਲਾ, ਸੰਕਰਵਿਭਾਸਾ,
ਸਰਸਥਾਨ, ਦਰਬਾਰੀ, ਬੁਨਿਆਦੀ, ਚੰਦਰ, ਪ੍ਰਕਾਸ਼,
ਕਮਲ, ਕਾਫੀ, ਸਿੰਘਵਰਨੀ,
ਕਮਲ, ਵਿਯੋਗੀ, ਮਿੱਤਰਵਰਣੀ, ਹੰਸਧੁਨੀ, ਆਦਿ

**ਗੁਰੂ ਜੀ ਦੀਆਂ ਬਾਣੀਆਂ ਵਿੱਚ ਪਰਿਭਾਸ਼ਕ ਸ਼ਬਦ** :
ਦਸਮ ਗ੍ਰੰਥ ਪੜ੍ਹਕੇ ਸਹਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਦਸਮ ਗ੍ਰੰਥ ਵਿੱਚ ਭਾਰਤੀ ਸੰਗੀਤ ਦਾ ਵਿਸ਼ਾਲ ਭੰਡਾਰ ਹੈ । ਢੋਲ, ਮਿਰਦੰਗ, ਨਹਾਰੇ, ਸੰਖ, ਧੁਨੀ, ਕੋਲਾਹਲ, ਰਾਗ, ਗੰਧਰਵ, ਸਿੰਗੀ, ਤੰਤੀ, ਰਾਗਰਸਾਲੁ, ਤਾਨ ਤਰੰਗ, ਤਾਲ, ਗੀਤ, ਆਦਿ ਸ਼ਬਦ ਗੁੜ੍ਹ ਸੰਗੀਤਕ ਸਮਝ ਦੀ ਉਪਜ ਹਨ । ਫੱਗਣ ਦੀ ਰੁੱਤ ਵਿੱਚ' ਹੌਲੀ ਖੇਡਣ' ਨੂੰ 'ਖੇਲਤ ਧਮਾਰ' ਕਹਿਣਾ ਉਸ ਸਮੇਂ ਦੀ ਪ੍ਰਸਿਧ ਗਾਇਨ ਸ਼ੈਲੀ 'ਧਮਾਰ ਸਬੰਧੀ ਜਾਣਕਾਰੀ ਨੂੰ ਹੀ ਨਹੀਂ ਦਿਖਾਉਂਦੀ ਸਗੋਂ ਉਸ ਸ਼ੈਲੀ ਦੇ ਵਿਸ਼ੇ ਵਸਤੂ ਨੂੰ ਵੀ ਅਤੀ ਕਲਾ ਕੌਸ਼ਲਤਾ ਨਾਲ ਦਰਸਾਇਆ ਗਿਆ ਹੈ ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿੱਖ ਸੰਗੀਤ ਦੀਆਂ ਚਲੀਆ ਆ ਰਹੀਆਂ ਪਰੰਪਰਾਵਾਂ ਨੂੰ ਕਾਇਮ ਰਖਿਆ ਜਾ ਰਿਹਾ ਸੀ । ਇਨ੍ਹਾਂ ਵਿਚ ਦੀਵਾਨ ਲਗਾਉਣਾ, ਰਾਗ ਤੇ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਨਾ, ਸਿੱਖ ਸੰਗੀਤ ਦੀਆਂ ਪਰੰਪਰਾਵਾਂ ਦੇ ਅੰਤਰਗਤ ਆਉਂਦਾ ਹੈ । ਇਨ੍ਹਾਂ ਦੇ ਸਮੇਂ ਵੀ ਸਵੇਰੇ ਆਸਾ ਦੀ ਵਾਰ ਦਾ ਕੀਰਤਨ, ਸ਼ਾਮ ਨੂੰ ਸੋਦਰ ਦੀ ਚੌਕੀ ਆਦਿ ਦਾ ਕੀਰਤਨ ਹੁੰਦਾ ਸੀ । ਇਥੋਂ ਤੱਕ ਕਿ ਜੰਗਾਂ, ਯੁੱਧਾਂ ਦੇ ਦਿਨਾਂ ਵਿੱਚ ਵੀ ਸਵੇਰੇ ਅਤੇ ਸ਼ਾਮ ਨੂੰ ਦੀਵਾਨ ਲਾ ਕੇ ਕੀਰਤਨ ਕਰਦੇ ਸਨ । ਗੁਰੂ ਗੋਬਿੰਦ ਸਿੰਘ ਜੀ ਦੁਵਾਰਾ ਜਿੱਥੇ

ਜੰਗਾਂ, ਯੁੱਧਾਂ ਵਿੱਚ ਆਪਣੇ ਨਾਲ ਕੀਰਤਨ ਦੀ ਪਰੰਪਰਾ ਚਲਾਈ ਆਉਂਦੇ ਸਨ ਉਥੇ ਉਨ੍ਹਾਂ ਵਾਰ ਗਾਇਨ ਦੀ ਪਰੰਪਰਾ ਨੂੰ ਕਾਇਮ ਰੱਖਿਆ । ਵਾਰ ਗਾਇਨ ਦੀ ਪਰੰਪਰਾ ਗੁਰੂ ਹਰਗੋਬਿੰਦ ਸਿੰਘ ਜੀ ਨੇ ਸ਼ੁਰੂ ਕੀਤੀ ਸੀ । ਗੁਰੂ ਗੋਬਿੰਦ ਸਿੰਘ ਜੀ ਦੀ ਬੀਰ ਰਸੀ ਰਚਨਾ ਚੰਡੀ ਦੀ ਵਾਰ ਹੈ ।

**ਸਿੱਖ ਪਰੰਪਰਾਵਾਂ ਦੇ ਅਨੁਸਾਰ ਬਾਣੀ ਦੀ ਰਚਨਾ :** ਪਹਿਲੇ ਗੁਰੂ ਤੋਂ ਲੈ ਕੇ ਜੋ ਪਰੰਪਰਾ ਚਲੀ ਆ ਰਹੀ ਸੀ ਜਿਵੇਂ ਰਹਾਓ, ਅੰਕ ਘਰ, ਰਾਗ ਆਦਿ ਨੂੰ ਕਾਇਮ ਰੱਖਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਨੇ ਰਾਮਕਲੀ, ਸੋਰਠ, ਕਲਿਆਣ, ਤਿਲੰਗ, ਕਾਫੀ ਬਿਲਾਵਲ, ਦੇਵ-ਗੰਧਾਰੀ ਆਦਿ ਰਾਗਾਂ ਵਿੱਚ ਰਚਨਾਂ ਕਰਕੇ ਪਹਿਲਾਂ ਚਲੀ ਆ ਰਹੀ ਪਰੰਪਰਾ ਦਾ ਅਨੁਕਰਣ ਕੀਤਾ ।

**ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚ ਤਾਲ ਦੀ ਪਰਪੱਕਤਾ :** ਗੁਰੂ ਜੀ ਦੀ ਬਾਣੀ ਨੂੰ ਦੇਖਦੇ ਹੋਏ ਅਸੀਂ ਆਖ ਸਕਦੇ ਹਾਂ ਕਿ ਇਹਨਾਂ ਦੀ ਬਾਣੀ ਵਿੱਚ ਰਵਾਨਗੀ ਹੈ, ਤਾਲ, ਮਾਤਰਾ ਅਤੇ ਛੰਦ ਦੀ ਪਕੇਰੀ ਪਕੜ ਹੈ ।

'ਖਗ ਖੰਡ ਬਿਹੰਡੰ ਖਲਦਲ ਖੰਡੰ,
ਅਤਿਰਨ ਮੰਡੰ, ਬਰਬੰਡੰ
**ਸਵੈਯਾ** : ਦੁਕਲੰ ਪ੍ਰਨਾਸੀ ਦਿਆਲੰ ਸਰੂਪੇ
ਸਦਾ ਅੰਗ ਸੰਗੇ ਅਭੰਗੰ ਬਿਭੂਤੇ ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿੱਚ ਢਾਡੀਆਂ ਦੁਆਰਾ ਵਾਰ ਗਾਇਨ ਪਰੰਪਰਾ ਬਹੁਤ ਜੋਰਾਂ ਤੇ ਸੀ । ਇਸ ਤੋਂ ਬਿਨਾਂ ਤਾਊਸ, ਤਾਨਪੁਰਾ, ਪਖਾਵਜ, ਤਬਲਾ, ਮਿਰਦੰਗ, ਰਬਾਬ ਵਰਗੇ ਸਾਜ਼ਾਂ ਦੀ ਕੀਰਤਨ ਲਈ ਵਰਤੋਂ ਕੀਤੀ ਜਾਂਦੀ ਸੀ । ਆਪ ਦਾ ਜੀਵਨ ਜੰਗਾਂ ਨਾਲ ਭਰਪੂਰ ਰਿਹਾ ਪਰੰਤੂ ਆਪ ਦੁਆਰਾ ਰਚੀ ਗਈ ਬਾਣੀ ਦੇ ਸਹਿਤਕ ਅਤੇ ਸੰਗੀਤਕ ਗੁਣਾ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਇਕ ਮਹਾਨ ਕਵੀ, ਧਰਮ ਪ੍ਰਚਾਰਕ, ਯੋਧਾ ਅਤੇ ਸੂਰਬੀਰ ਸਨ ।

**ਖਿਆਲ ਗਾਇਨ ਸ਼ੈਲੀ :** ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸੰਗੀਤ ਨੂੰ ਅਦੁੱਤੀ ਦੇਣ ਇਹ ਹੈ ਕਿ ਇਨ੍ਹਾਂ ਨੇ ਇਕ ਨਵੀਨ ਗਾਇਨ ਸ਼ੈਲੀ ਦਾ ਪ੍ਰਯੋਗ ਕੀਤਾ । ਇਸ ਸ਼ੈਲੀ ਨੂੰ ਸੰਗੀਤ ਵਿੱਚ ਖਿਆਲ ਗਾਇਨ ਕਹਿੰਦੇ ਹਨ । ਆਧੁਨਿਕ ਸਮੇਂ ਉਤਰੀ ਹਿੰਦੁਸਤਾਨੀ ਸੰਗੀਤ ਪੱਧਤੀ ਵਿਚ ਖਿਆਲ ਗਇਨ ਸ਼ੈਲੀ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ । ਬਹੁਤ ਸਾਰੇ ਇਤਿਹਾਸਕਾਰਾਂ ਨੇ ਖਿਆਲ ਗਾਇਨ ਦਾ ਅਵਿਸ਼ਕਾਰਕ ਅਮੀਰ ਖੁਸਰੋ ਨੂੰ ਮੰਨਿਆ ਹੈ । ਕਈ ਲੇਖਕਾਂ ਦਾ ਵਿਚਾਰ ਹੈ ਕਿ ਖਿਆਲ ਦਾ ਅਵਿਸ਼ਕਾਰ ਜੌਨਪੁਰ ਦੇ ਬਾਦਸ਼ਾਹ ਸੁਲਤਾਨ ਹੁਸੈਨ ਸਰਕੀ (1458-1499) ਨੇ ਕੀਤਾ । ਇਨ੍ਹਾਂ ਦੋਵਾਂ ਵਿਅਕਤੀਆਂ ਦੇ ਰਚੇ ਖਿਆਲਾਂ ਦਾ ਸਬੂਤ ਕਿਸੇ ਗ੍ਰੰਥ ਵਿਚੋਂ ਨਹੀਂ ਮਿਲਦਾ ਅਤੇ ਨਾ ਹੀ ਕੋਈ ਖਿਆਲ ਕਦੇ ਸੁਣਨ ਵਿਚ ਆਇਆ ਹੈ । ਪ੍ਰੋਫੈਸਰ ਤਾਰਾ ਸਿੰਘ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਰਚਨਾਂ ਵਿੱਚ 'ਖਿਆਲ' ਸ਼ਬਦ ਸ਼ੈਲੀ ਦੇ ਰੂਪ ਵਿੱਚ ਕਿਤੇ ਨਹੀਂ ਵਰਤਿਆ ਮਿਲਦਾ ਅਤੇ ਨਾ ਹੀ ਇਸ ਕਾਲ ਦੇ ਕਿਸੇ ਗਾਇਕ, ਭਗਤ, ਸੰਤ, ਕਵੀ ਜਾਂ ਕਿਸੇ ਸੂਫੀ ਫਕੀਰ ਨੇ 'ਖਿਆਲ' ਦੀ ਵਰਤੋਂ ਆਪਣੀ ਰਚਨਾ ਵਿਚ ਕੀਤੀ ਹੈ । ਇਸ ਲਈ ਭਾਰਤੀ ਸੰਗੀਤ ਵਿਚ ਖਿਆਲ-ਸ਼ੈਲੀ ਦੀ ਈਜਾਦ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਕੀਤੀ । ਇਸ ਗੱਲ ਦੀ ਪੁਸ਼ਟੀ ਲਈ ਗੁਰੂ ਗੋਬਿੰਦ ਸਿੰਘ ਰਚਿਤ ਖਿਆਲ 'ਮਿੱਤਰ ਪਿਅਰੇ ਨੂੰ' ਕਾਫੀ ਪ੍ਰਸਿਧ ਹੈ । ਖਿਆਲ ਗੀਤ ਦੀ ਰਚਨਾ ਸੰਖੇਪ ਹੁੰਦੀ ਹੈ । ਇਸ ਵਿਚ ਸਤਾਈ ਅਤੇ ਅੰਤਰਾ ਦੋ ਹੀ ਭਾਗ ਹੁੰਦੇ ਹਨ । ਇਸ ਪੱਖੋਂ ਗੁਰੂ ਗੋਬਿੰਦ ਸਿੰਘ ਜੀ ਨੇ ਉਪਰੋਕਤ ਖਿਆਲ ਦੀ ਬਣਤਰ ਬੁਤ ਸੁਚੱਜੀ ਹੈ ।

ਨਿਰਸੰਦੇਹ ਆਰੰਭ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖਿਆਲ ਸ਼ੈਲੀ ਵਿਚ ਸ਼ਬਦ ਦੀ ਰਚਨਾ ਕੀਤੀ ਪਰੰਤੂ ਰਾਜਸਥਾਨ, ਜੌਨਪੁਰ, ਰੁਹੇਲ ਖੰਡ ਬੁੰਦੇਲਖੰਡ ਆਦਿ ਇਲਾਕਿਆਂ ਵਿਚ ਖਿਆਲ ਸ਼ੈਲੀ ਪ੍ਰਚੱਲਤ ਸੀ । ਇਸ ਸ਼ਾਸਤਰੀ ਸੰਗੀਤ ਦਾ ਹਿੱਸਾ ਨਹੀਂ ਸੀ ਸਗੋਂ ਇਸਦਾ ਝੁਕਾਅ ਲੋਕ ਸੰਗੀਤ ਵੱਲ ਵਧੇਰੇ ਸੀ । ਇਹ ਇਕ ਪ੍ਰਕਾਰ ਦੀ ਗੀਤ ਨਾਟ ਹੁੰਦਾ ਸੀ ਅਤੇ ਗਜ਼ਲ ਗਾਇਨ ਦੀ ਸ਼ੈਲੀ ਤੋਂ ਪ੍ਰੇਰਤ ਸੀ । ਇਸ ਖਿਆਲ ਵਿਚ ਗੀਤ ਅਭਿਨੇਅ, ਅਤੇ ਨ੍ਰਿਤ ਦਾ ਸਮਾਵੇਸ਼ ਹੁੰਦਾ ਸੀ । ਇਹ ਖਿਆਲ ਲੋਕ ਸੰਗੀਤ ਦੀ ਇਕ ਵਿਧਾ ਸੀ ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਜੀਵਨ ਦੇ ਵਿਸ਼ਲੇਸ਼ਨ ਤੋਂ ਉਨ੍ਹਾਂ ਦੀ ਕਾਵਿ ਅਤੇ ਸੰਗੀਤ ਨਾਲ ਵਾਬਸਤਾ ਮਹਾਨ ਸ਼ਖਸ਼ੀਅਤ ਦ੍ਰਿਸ਼ਟੀਮਾਨ ਹੁੰਦਾ ਹੈ । ਸਮੁੱਚੀ ਭਾਰਤੀ ਸਭਿਅਤਾ ਲਈ ਇਹ ਮਹਾਂਪੁਰਸ਼ ਦਾ ਯੋਗਦਾਨ ਗੌਰਵਸ਼ਾਲੀ ਹੈ । ਅਸੀਂ ਆਪਣੇ ਸੀਮਤ, ਉਦੇਸ਼ ਅਧੀਨ ਜੇਕਰ ਸੁਤੰਤਰ ਤੌਰ 'ਤੇ ਉਨ੍ਹਾਂ ਦਾ ਸੰਗੀਤ ਪ੍ਰਤੀ ਯੋਗਦਾਨ ਵੇਖੀਏ ਤਾਂਇਹ ਮੌਲਿਕ ਵਿਲੱਖਣ ਅਤੇ ਵੱਡਮੁੱਲਾ ਹੈ ।

# ਪੰਜਾਬ ਦਾ ਭਗਤੀ ਸੰਗੀਤ

ਡਾ. ਡੀ.ਐਸ. ਨਰੂਲਾ



(ਲੜੀ ਜੋੜਨ ਲਈ ਪੜ੍ਹੋ ਦਸੰਬਰ ਅੰਕ)

**ਬੁੱਧ ਧਰਮ ਵਿੱਚ ਸੰਗੀਤ :**

ਗੌਤਮ-ਬੁੱਧ (ਬਚਪਨ ਦਾ ਨਾਮ-ਸਿੱਧਾਰਥ) ਦਾ ਜਨਮ 563 ਈਸਾ ਪੂਰਵ , ਗੋਰਖਪੁਰ ਜ਼ਿਲੇ ਦੇ ਉੱਤਰ ਵਿਚ, 'ਲੁੰਬਨੀ' ਕਸਬੇ ਵਿਚ ਰਾਜਾ ਸ਼ੁੱਧੋਦਨ ਦੇ ਘਰ , ਮਾਤਾ-ਮਾਇਆ ਦੀ ਕੁੱਖ ਤੋਂ ਹੋਇਆ। ਵਿਆਹ ਉਪਰੰਤ ਰਾਜਕੁਮਾਰ ਸਿੱਧਾਰਥ ਨੇ ਰਾਜ ਮਹਿਲ ਦਾ ਤਿਆਗ ਕਰਕੇ ਜੰਗਲ ਵਿਚ ਘੋਰ ਤਪੱਸਿਆ ਕੀਤੀ ਅਤੇ ਉਸ ਉਪਰੰਤ ਬੁੱਧ ਧਰਮ ਦੀ ਸਥਾਪਨਾ ਕੀਤੀ। ਬੁੱਧ ਧਰਮ ਦੇ ਪ੍ਰਚਾਰਕਾਂ (ਭਿਕਸ਼ੂਆਂ) ਨੇ ਇਸ ਧਰਮ ਨੂੰ ਭਾਰਤ ਤੋਂ ਇਲਾਵਾਂ, ਪੂਰੇ ਏਸ਼ੀਆਂ ਮਹਾਂਦੀਪ ਵਿਚ ਫੈਲਾ ਦਿਤਾ । ਇਸ ਯੁੱਗ ਦੇ ਸੰਗੀਤ ਦਾ ਨਿਰਮਾਣ ਮਨੁੱਖ ਮਾਤਰ ਦੀ ਭਲਾਈ ਅਤੇ ਕਲਿਆਣ ਲਈ ਹੋਇਆ । ਇਸ ਯੁੱਗ ਦੇ ਸੰਗੀਤ ਵਿਚ ਨਾਰੀਆਂ ਨੇ ਵੀ ਕਾਫੀ ਯੋਗਦਾਨ ਪਾਇਆ । ਸ਼ਾਸਤਰੀ ਅਤੇ ਲੋਕ ਸੰਗੀਤ ਦੀ ਲੋਕ ਪ੍ਰਿਯਤਾ ਹੋਈ। ਆਰਤੀ (ਪੂਜਾ ਨਿਰਤ) ਨ੍ਰਿਤ ਇਸਤ੍ਰੀਆਂ ਵਿਚ ਪ੍ਰਚੱਲਿਤ ਸੀ । ਰਾਜਧਾਨੀ ਭਾਂਵੇ 'ਕਪਿਲ ਵਸਤੂ' ਨਗਰ ਵਿਚ ਸੀ ਪ੍ਰੰਤੂ ਬੁੱਧ ਕਾਲ ਦੇ ਅਨੇਕਾਂ ਉਤਸਵ-ਪਰਵ ਅਤੇ ਮੇਲੇ ਆਦਿ, ਪ੍ਰਸਿੱਧ ਨਗਰ 'ਸ੍ਰਾਵਸਤੀ' ਵਿਚ ਮਨਾਏ ਜਾਂਦੇ ਸਨ । ਇੱਥੇ ਹਰੇਕ ਸਾਲ ਇਕ ਸੰਗੀਤ ਉਤਸਵ ਮਨਾਇਆ ਜਾਂਦਾ ਸੀ ਜਿਸਨੂੰ "ਗਿਰਬੰਧੁ-ਸੰਗਮ ਕਿਹਾ ਜਾਂਦਾ ਸੀ । ਇਸ ਮੇਲੇ ਵਿਚ ਦੇਸ਼ ਵਿਦੇਸ਼ ਤੋਂ ਸੁੰਦਰ ਇਸਤ੍ਰੀ ਪੁਰਖ ਇਕੱਠੇ ਹੁੰਦੇ ਸਨ ।ਸੰਗੀਤ ਪ੍ਰਤੀਯੋਗਤਾ ਵੀ ਹੁੰਦੀ ਸੀ ।

ਇਕ ਵਾਰੀ "ਗਿਰਬੰਧੁ-ਸੰਗਤ" ਉਤਸਵ ਵਿਚ ਦੱਖਣੀ ਭਾਰਤ ਦੀ 'ਕੁਵੱਲਯਾ' ਇਕ ਸੁੰਦਰੀ ਭਾਗ ਲੈਣ ਆਈ ਜੋ ਕਿ ਬੜੀ ਸੁੰਦਰ, ਗਾਇਕਾ ਅਤੇ ਨ੍ਰਿਤਕਾਰ ਸੀ । ਉਸਨੇ ਭਰੀ ਸਭਾ ਵਿਚ ਵੰਗਾਰ ਕੇ ਕਿਹਾ ਕਿ - ਕੋਈ ਐਸਾ ਪੁਰਖ ਹੈ ? ਜੋ ਮੇਰੀ ਸੁੰਦਰਤਾ ਅਤੇ ਸੰਗੀਤ ਕਲਾ ਤੋਂ ਪ੍ਰਭਾਵਿਤ ਨਾ ਹੋਵੇ ? ਸਭਾ ਵਿਚ ਸੰਨਾਟਾ ਛਾ ਗਿਆ । ਉਸਨੇ ਜਦੋਂ ਸੰਗੀਤ ਅਤੇ ਨਿਰਤ ਰਾਹੀਂ ਕਲਾ ਪ੍ਰਦਰਸ਼ਨ ਕੀਤਾ ਤਾਂ ਹਰੇਕ ਵਿਅਕਤੀ ਉਸ ਦੀ ਕਲਾ ਅਤੇ ਸੁੰਦਰਤਾ ਤੇ ਮੋਹਿਤ ਹੋ ਗਿਆ । ਹਾਲਾਤ ਦੀ ਨਜ਼ਾਕਤ ਨੂੰ ਦੇਖ ਕੇ ਇਕ ਸੁਘੜ ਵਿਅਕਤੀ ਨੇ ਉਠ ਕੇ ਕਿਹਾ -

"ਹਾਂ । ਇਕ ਐਸਾ ਪੁਰਖ ਹੈ, ਜਿਸਦਾ ਨਾਮ ਗੌਤਮ ਬੁੱਧ ਹੈ ਅਤੇ ਉਹ 'ਜੇਤਵਨ' ਵਿਚ ਨਿਵਾਸ ਕਰਦਾ ਹੈ । ਉਹ ਅਜਿੱਤ ਹੈ ।"

ਸੁੰਦਰੀ 'ਕੁਵੱਲਯਾ' ਨੇ ਜੇਤਵਨ ਵਿਖੇ ਜਾ ਕੇ, ਗੌਤਮ ਬੁੱਧ ਨੂੰ ਆਪਣੀ ਕਲਾ ਅਤੇ ਸੁੰਦਰਤਾ ਨਾਲ ਭਰਮਾਉਣ ਦਾ ਕਾਫੀ ਯਤਨ ਕੀਤਾ ਪ੍ਰੰਤੂ ਗੌਤਮ ਬੁੱਧ - ਅਡੋਲ ਰਹੇ ਅਤੇ ਅੰਤ ਵਿਚ ਸੁੰਦਰੀ ਨੂੰ ਧਰਮ ਦਾ ਮਾਰਗ ਦਿਖਾਇਆ ਅਤੇ ਉਪਦੇਸ਼ ਦਿੱਤਾ ਕਿ -

"ਧਰਮ ਦਾ ਮਾਰਗ ਸਭ ਦੇ ਲਈ ਖੁੱਲਿਆ ਹੋਇਆ ਹੈ । ਇਹ ਸੰਸਾਰ ਦੁੱਖਾਂ ਦੀ ਅਗਨੀ ਵਿਚ ਸੜ ਰਿਹਾ ਹੈ । ਤੂੰ ਆਪਣੀ ਆਤਮਾਂ ਦੇ ਸੰਗੀਤ ਨੂੰ ਜਗਾ । ਇਹ ਅਧਿਆਤਮਕ ਸੰਗੀਤ ਹੀ ਵਿਸ਼ਵ-ਮਾਨਵਤਾ ਦਾ ਕਲਿਆਣ ਕਰੇਗਾ ਅਤੇ ਇਹੀ, ਵਿਸ਼ਵ ਨੂੰ ਇਕ ਨਵੀਂ ਰੋਸ਼ਨੀ ਪ੍ਰਦਾਨ ਕਰੇਗਾ । ਰਸਤੇ ਤੋਂ ਭਟਕਿਆ ਹੋਇਆ ਯਾਤਰੀ ਅਗਰ ਰਸਤੇ ਤੇ ਆ ਜਾਣ ਤਾਂ ਕਲਿਆਣ ਨਿਸਚਤ ਹੈ ।"

"ਭਗਵਾਨ ਬੁੱਧ ਦੇ ਉਪਦੇਸ਼ ਨਾਲ ਕੁਵੱਲਯਾ ਦਾ ਚਰਿੱਤਰ ਨਿਰਮਾਣ ਹੋਇਆ । ਉਹ ਸੰਗੀਤ ਦੇ ਅਸਲੀ ਉਦੇਸ਼ ਨੂੰ ਸਮਝ ਗਈ । ਉਸਨੂੰ ਮਹਿਸੂਸ ਹੋਇਆ

ਕਿ ਜਦੋਂ ਤਕ ਮਨੁੱਖ ਦੇ ਅੰਦਰ ਅਲੌਕਿਕ-ਸੰਗੀਤ ਦਾ ਜਨਮ ਨਹੀਂ ਹੁੰਦਾ, ਉਦੋਂ ਤਕ ਉਸਦਾ ਜੀਵਨ ਉਪਰ ਨਹੀਂ ਉਠਦਾ। ਜਿਤਨੀ ਦੇਰ ਸੰਗੀਤ ਵਾਸਨਾ ਦੇ ਸੀਮਤ ਘੇਰੇ ਵਿਚ ਰਹੇਗਾ, ਉਤਨੀ ਦੇਰ ਉਹ, ਉੱਚ ਚਰਿੱਤਰ ਵਾਲਿਆਂ ਨੂੰ ਮੋਹਿਤ ਨਹੀਂ ਕਰ ਸਕੇਗਾ। ਸਰੀਰਕ ਸੂਰਜ ਦਾ ਰੰਗੀਨ ਫੁੱਲ ਤਾਂ ਹੀ ਰੰਗੀਨ ਅਤੇ ਖੁਸ਼ਬੋਦਾਰ ਹੁੰਦਾ ਹੈ ਜਦੋਂ ਉਸ ਵਿਚੋਂ 'ਆਤਮਾਂ ਦਾ ਸੰਗੀਤ' (ਰੂਹ ਦੀ ਗਿਜ਼ਾ) ਝਰਨੇ ਵਾਂਗ ਫੁੱਟਦਾ ਹੈ।" ਇਸ ਉਪਦੇਸ਼ ਨੂੰ ਸੁਣ ਕੇ, ਕੁਵੱਲਯਾ ਨੇ ਆਪਣੀ ਸੰਗੀਤਕ-ਸ਼ਖਸ਼ੀਅਤ ਦਾ ਇਨਾ ਵਿਕਾਸ ਕੀਤਾ ਕਿ ਥੋੜੇ ਹੀ ਸਮੇਂ ਵਿਚ ਉਸ ਦੀ ਪ੍ਰਸਿੱਧੀ ਚਾਰੇ ਪਾਸੇ ਫੈਲ ਗਈ। ਮਹਾਤਮਾਂ ਬੁੱਧ ਨੇ ਉਸ ਕਾਲ ਦੇ ਸੰਗੀਤ ਨੂੰ, ਪਰੰਪਰਾਗਤ ਚਰਿੱਤਰ-ਨਿਰਮਾਣ ਦੀ ਸੇਧ ਪ੍ਰਦਾਨ ਕੀਤੀ।

**ਥੇਰੀ-ਗਾਥਾ :**

ਬੁੱਧ ਕਾਲ ਵਿਚ ਇਸਤ੍ਰੀਆਂ ਨੇ, ਸੰਗੀਤ ਦੁਆਰਾ ਧਰਮ-ਪ੍ਰਚਾਰ ਵਿਚ ਚੋਖਾ ਹਿੱਸਾ ਪਾਇਆ। ਬੁੱਧ ਕਾਲੀਨ ਸੰਗੀਤ ਦਾ ਮਹੱਤਵਪੂਰਨ ਗ੍ਰੰਥ ਹੈ 'ਥੇਰੀ-ਗਾਥਾ' ਜੋ ਕਿ ਬੁੱਧ ਧਰਮ ਦੀਆਂ ਮਹਿਲਾ-ਪ੍ਰਚਾਰਕਾਂ (ਭਿਖਸ਼ੁਣੀਆਂ) ਦੇ, ਭਾਵਨਾ ਮਈ ਗੀਤਾਂ ਦਾ ਸੰਗ੍ਰਹਿ ਹੈ ਜਿਸ ਤੋਂ ਉਸ ਕਾਲ ਦੇ ਸੰਗੀਤਕ ਵਿਕਾਸ ਬਾਰੇ ਮਹੱਤਵਪੂਰਣ ਸਥਾਨ ਹੈ। ਇਸ ਗਾਥਾ ਵਿਚ ਅਧਿਆਤਮਕ ਸੰਗੀਤ ਦਾ ਡੂੰਘਾ ਪ੍ਰਭਾਵ ਹੈ ਅਤੇ ਭਿਖਸ਼ੁਣੀਆਂ ਦੀਆਂ, ਮਿਠਾਸ-ਭਰਪੂਰ, ਸੁਹਜਮਈ ਅਤੇ ਆਤਮ ਸਮਰਪਣ ਦੀਆਂ ਭਾਵਨਾਵਾਂ, ਪ੍ਰਬਲ ਦਿਖਾਈ ਦੇਂਦੀਆਂ ਹਨ।

'ਥੇਰੀ-ਗਾਥਾ' ਵਿਚ ਕਵਿੱਤਰੀਆਂ ਅਤੇ ਗਾਇਕਾਂ ਦੀ ਸ਼ਖਸੀਅਤ ਝਲਕਦੀ ਹੈ। ਉਸ ਸੰਗੀਤਮਈ ਕਾਵਿ ਵਿਚੋਂ ਜੀਵਨ ਦੇ ਵਿਭਿੰਨ ਅੰਗਾਂ, ਦੁੱਖ, ਸੁੱਖ, ਸੁੰਦਰਤਾ, ਕਲਾ, ਪ੍ਰਸੰਨਤਾ, ਸ਼ਿੰਗਾਰ ਅਤੇ ਭਗਤੀ ਭਾਵਨਾ ਦਾ ਵਧੀਆ ਪ੍ਰਭਾਵ ਪੈਂਦਾ ਹੈ। ਇਸ ਕਾਵਿ ਸੰਗ੍ਰਹਿ ਵਿਚ (522) ਗੀਤਾਂ ਦਾ ਸੰਗ੍ਰਹਿ ਹੈ। ਇਸ ਦੀਆਂ ਰਚਨਾਕਰ (73) ਭਿਖਸ਼ੁਣੀਆਂ ਹਨ। ਇਹ ਸਾਰੀਆਂ ਭਗਵਾਨ ਬੁੱਧ ਦੀਆਂ ਚੇਲੀਆਂ ਸਨ। ਮਹਾਰਾਜਾ ਸ਼ੁੱਧੋਦਨ ਦੀ ਮ੍ਰਿਤੂ ਉਪਰੰਤ, ਬੁੱਧ ਨੇ ਅਪਣੇ ਪ੍ਰਿਯ ਸ਼ਿਸ਼ 'ਆਨੰਦ' ਦੇ ਅਗ੍ਰਹਿ ਤੇ ਅਪਣੀ ਵਿਮਾਤਾ, ਮਹਾਂਪ੍ਰਜਾਪਤੀ ਗੌਤਮੀ ਨੂੰ ਸੰਘ-ਸੰਚਾਲਕ ਬਣਾ ਕੇ, ਨਵੀਆਂ ਭਿਖਸ਼ੁਣੀਆਂ ਬਣਾਉਣ ਦੀ ਆਗਿਆ ਦਿੱਤੀ। ਗੌਤਮੀ ਦੇ ਉੱਦਮ ਨਾਲ ਪੰਜ ਸੌ ਇਸਤ੍ਰੀਆਂ ਨੇ ਬੁੱਧ ਧਰਮ ਦੀ, ਸ਼ਿਖਸ਼ਾ ਲੈ ਕੇ ਪ੍ਰਚਾਰ ਕਾਰਜ ਵਿਚ ਯੋਗਦਾਨ ਪਾਇਆ। ਇਸ ਤਰ੍ਹਾਂ ਮਹਿਲਾ-ਪ੍ਰਚਾਰਕਾਂ ਦਾ ਅਲਗ-ਸੰਘ ਸਥਾਪਿਤ ਹੋਇਆ। ਇਨ੍ਹਾਂ ਵਿਚੋਂ ਹੀ – 72– ਭਿਖਸ਼ੁਣੀਆਂ ਨੇ ਅਪਣੇ ਅਨੁਭਵ, ਯਾਦਾਂ ਤੇ ਭਗਤੀ ਗੀਤ 'ਥੇਰੀ-ਗਾਥਾ' ਦੇ ਰੂਪ ਵਿਚ ਸੰਗ੍ਰਹਿਤ ਕੀਤੇ। ਇਹ ਗੀਤ ਰਾਗ-ਰਾਗਨੀਆਂ ਵਿਚ ਨਿਬੱਧ ਹਨ ਜਿਸ ਤੋਂ ਸਿੱਧ ਹੁੰਦਾ ਹੈ ਕਿ ਉਨ੍ਹਾਂ ਨੂੰ ਸੰਗੀਤ ਕਲਾ ਦਾ ਪੂਰਣ ਗਿਆਨ ਸੀ।

**ਮੁਸਲਿਮ ਧਰਮ ਵਿਚ ਸੰਗੀਤ :**

ਇਸਲਾਮ ਧਰਮ ਦੇ ਬਾਨੀ ਪੈਗੰਬਰ ਹਜ਼ਰਤ ਮੁਹੰਮਦ (ਮ੍ਰਿਤੂ-8 ਜੂਨ 632 ਈ:) ਦੇ ਅਨੁਆਈਆਂ ਨੂੰ ਮੁਸਲਮਾਨ ਕਿਹਾ ਜਾਂਦਾ ਹੈ। ਮੱਧ ਕਾਲੀਨ ਪੰਜਾਬ ਵਿਚ ਮੁਸਲਮਾਨਾਂ ਦਾ ਆਗਮਨ ਹੋਇਆ। ਵਰਤਮਾਨ ਪੰਜਾਬ ਵਿਚ ਵੀ, ਮਲੇਰਕੋਟਲਾ, ਕਪੂਰਥਲਾ, ਗੁਰਦਾਸਪੁਰ, ਬਠਿੰਡਾ, ਹੁਸ਼ਿਆਰਪੁਰ, ਫਰੀਦਕੋਟ ਅਤੇ ਫਿਰੋਜ਼ਪੁਰ ਜ਼ਿਲੇ ਵਿਚ ਇਸਲਾਮ ਧਰਮ ਨੂੰ ਮੰਨਣ ਵਾਲੇ ਅਨੇਕਾਂ ਪਰਿਵਾਰ ਹਨ ਜਿੰਨ੍ਹਾਂ ਵਿਚੋਂ ਕਈ ਪਰਿਵਾਰਾਂ ਨੇ, ਪੰਜਾਬ ਦੇ ਸੰਗੀਤ ਵਿਚ ਉਘਾ ਯੋਗਦਾਨ ਪਾਇਆ ਹੈ। ਭਾਰਤੀ ਸੰਗੀਤ ਦੇ ਅਨੇਕਾਂ ਘਰਾਣਿਆਂ ਦੇ ਮੁੱਖੀ ਜਾਂ ਸੰਸਥਾਪਕ, ਮੁਸਲਮਾਨ ਕਲਾਕਾਰ ਹੋਏ ਹਨ। ਹੁਣ ਵੀ ਅਨੇਕਾਂ ਘਰਾਣਿਆਂ ਦੀ ਪ੍ਰਤੀਨਿੱਧਤਾ ਮੁਸਲਿਮ ਕਲਾਕਾਰ ਕਰਦੇ ਹਨ। ਡਾ. ਦੇਵਿੰਦਰ ਸਿੰਘ ਅਪਣੇ ਲੇਖ ਪੂਰਵ ਨਾਨਕ-ਕਾਲ ਸੂਫੀ ਸਾਹਿਤ ਵਿਚ ਲਿਖਦੇ ਹਨ ਕਿ ਪੂਰਵ ਨਾਨਕ ਕਾਲ ਵਿਚ, ਸੂਫੀ ਸਾਹਿਤ ਦੀ, ਸਭ ਤੋਂ ਵਧੇਰੇ ਮਹੱਤਤਾ ਪ੍ਰਵਾਨ ਕੀਤੀ ਜਾਂਦੀ ਹੈ। ਇਸਦਾ ਪ੍ਰਮੁੱਖ ਕਾਰਣ 'ਆਦਿ-ਗ੍ਰੰਥ' ਵਿਚ ਸੰਮਿਲਤ 'ਸਲੋਕ-ਸ਼ੇਖ-ਫਰੀਦ' ਨੂੰ ਇਸ ਕਾਲ ਹੀ ਪ੍ਰਮਾਣਿਕ ਉਪਲੱਬਧੀ ਮੰਨਿਆਂ ਜਾਂਦਾ ਹੈ। ਇਸੇ ਆਧਾਰ ਤੇ ਬਾਬਾ ਫਰੀਦ ਨੂੰ ਆਧੁਨਿਕ ਭਾਰਤੀ ਭਸ਼ਾਵਾਂ ਦੇ ਪ੍ਰਥਮ ਸਾਹਿਤਕਾਰ ਮੰਨਣ ਦਾ ਸੰਕੇਤ ਵੀ ਮਿਲਦਾ ਹੈ। ਪੰਜਾਬੀ ਸੂਫੀ ਸਾਹਿਤ ਦਾ ਮੂਲ ਸੋਮਾ, ਅਰਬ ਅਤੇ ਈਰਾਨ ਦਾ ਸੂਫੀ ਸਾਹਿਤ ਹੈ। ਇਹ ਧਾਰਾ ਪੰਜਾਬ ਵਿਚ ਉਸ ਵਕਤ ਪ੍ਰਸਫੁਟਿਤ ਹੁੰਦੀ ਹੈ ਜਦੋਂ ਅਰਬ, ਈਰਾਨ ਵਿਚ ਇਹ ਸਿਖਰਾਂ ਛੂਹ ਚੁਕੀ ਸੀ। ਪੰਜਾਬ

ਵਿਚ ਸੂਫੀਅਤ ਦਾ ਪ੍ਰਵੇਸ਼ ਗਜ਼ਨੀਆਂ ਦੇ ਨਾਲ ਹੀ ਹੋ ਜਾਂਦਾ ਹੈ। ਸੋਲ੍ਹਵੀਂ ਸਦੀ ਤਕ ਦੇ ਪੰਜਾਬ ਵਿਚ, ਸੂਫੀ ਸੰਪ੍ਰਦਾਵਾਂ ਦੀ ਸਥਾਪਤੀ ਹੋ ਚੁਕੀ ਸੀ।

ਇਨ੍ਹਾਂ ਵਿਚੋਂ-ਸ਼ੇਖ ਇਸਮਾਈਲ ਬੁਖਾਰੀ ਲਾਹੌਰੀ (ਮ੍ਰਿਤੂ-1056-57) ਸ਼ੇਖ ਫਖਰੋਦੀਨ ਹੁਸੈਨ, ਜੰਜਾਨੀ ਲਾਹੌਰੀ, ਅਬੁਲ ਹਸਨ ਬਿਨ, ਅਬੁ ਉਸਮਾਨ ਅਲ ਜਲਾਬੀ (ਮ੍ਰਿਤੂ-1072 ਈ.) ਅਹਿਮਦ ਤੋਖਡਾ, ਤਿਰਪਜ਼ੀ ਲਾਹੌਰੀ, (ਮ੍ਰਿਤੂ-1205 ਈ.) ਯਾਕੂਬ ਸਦਰ ਦੀਵਾਨ ਜ਼ੰਜਾਨੀ ਲਾਹੌਰੀ (ਮ੍ਰਿਤੂ-1208 ਈ.) ਅਜੀਜ਼ੋਦੀਨ ਮੱਕੀ ਲਾਹੌਰੀ, (ਮ੍ਰਿਤੂ-1215 ਈ.) ਯੂਸਫ ਮੁਰਦੇਜ਼ੀ (ਮ੍ਰਿਤੂ-1152 ਈ.) ਸਈਅਦ ਅਹਿਮਦ ਸੁਲਤਾਨ, ਸਖੀ ਸਰਵਰ (ਮ੍ਰਿਤੂ-1181 ਈ.) ਆਦਿ, ਬਾਬਾ ਫਰੀਦ ਦੇ ਸਮੇਂ ਤਕ ਪੰਜਾਬ ਵਿਚ ਕਈ ਸੂਫੀ ਪ੍ਰਸਿੱਧੀ ਹਾਸਲ ਕਰ ਚੁਕੇ ਸਨ। ਇਵੇਂ ਹੀ -

(ੳ) ਸ਼ੇਖ਼ ਸ਼ਰਫੁਦੀਨ ਬੂ ਅਲੀ ਕਲੰਦਰ, ਪਾਣੀਪਤੀ (ਮ੍ਰਿਤੂ-1323 ਈ.)
(ਅ) ਸ਼ੇਖ਼ ਸ਼ਰਫਦੀਨ ਯਹੀਆ ਮੁਨੇਰੀ (ਮ੍ਰਿਤ-1380 ਈ.)
(ੲ) ਸ਼ੇਖ਼ ਬਗਉਦੀਨ ਬਾਜਨ (ਮ੍ਰਿਤੂ-1506 ਈ.)
(ਸ) ਅਬਦੁਲ ਕੰਦੂਸ ਗੰਗੋਹੀ (1455-1538 ਈ.)

ਇਸ ਪ੍ਰਕਾਰ ਬਾਬਾ ਫਰੀਦ ਤੋਂ ਲੈ ਕੇ ਸ਼ਾਹ ਹੁਸੈਨ ਤਕ ਦੀ ਇਹ ਲਗਭਗ ਪੌਣੇ ਤਿੰਨ ਸੌ ਸਾਲਾਂ ਦੀ, ਨਿਰੰਤਰ-ਧਾਰਾ, ਪ੍ਰਵਾਹਿਤ ਹੁੰਦੀ ਰਹੀ ਹੈ ਜਿਸਨੂੰ ਪੰਜਾਬੀ ਸਾਹਿੱਤ ਦੇ ਇਤਿਹਾਸਕਾਰਾਂ ਨੇ ਪੂਰੀ ਡੂੰਘਾਈ ਤਕ ਨਹੀਂ ਵਾਚਿਆ।

ਸ਼ੇਖ ਫਰੀਦ (1173-1265) ਭਗਤ ਕਬੀਰ (1456-1575) ਸ਼ਾਹ ਹੁਸੈਨ (1538-1599) ਬੁੱਲੇ ਸ਼ਾਹ (ਅਠਾਰਵੀਂ ਸਦੀ) ਆਦਿ ਦੀਆਂ ਰਚਨਾਵਾਂ ਬਾਰੇ ਸੰਖੇਪ ਦੱਸਣਾ ਜ਼ਰੂਰੀ ਬਣਦਾ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਪੰਜਾਬੀ ਸੰਗੀਤ ਦਾ ਅਮੁੱਲ ਸਰਮਾਇਆ ਹਨ ਅਤੇ ਇਨ੍ਹਾਂ ਦੀਆਂ ਰਚਨਾਵਾਂ ਨੂੰ ਅੱਜ ਵੀ ਪੰਜਾਬ ਵਿਚ ਬੜੇ ਪਿਆਰ ਤੇ ਸਤਿਕਾਰ ਨਾਲ ਗਾਇਆ ਜਾਂਦਾ ਹੈ। ਚਿਸ਼ਤੀ ਅਤੇ ਸੂਫੀ ਪਰੰਪਰਾ ਵਿਚ, ਸੰਗੀਤ (ਸੰਬੰਧੀ ਵਿਸ਼ਾ, ਗਾਇਕ, ਸਰੋਤਾ, ਸਮਾਂ, ਸਥਾਨ ਅਤੇ ਸਾਜ਼ਾਂ) ਉਨ੍ਹਾਂ ਦੀ ਨਿਸਚਤ ਮਰਿਯਾਦਾ ਦਾ ਪਾਲਣ ਕੀਤਾ ਜਾਂਦਾ ਹੈ।

**ਸ਼ੇਖ਼ ਫਰੀਦ ਸ਼ੁੱਕਰਗੰਜ ( 1173-1265) :**

ਸਾਹਿਤਕ ਦ੍ਰਿਸ਼ਟੀਕੋਣ ਤੋਂ ਜ਼ਿਲਾਂ ਫਰੀਦਕੋਟ ਨੂੰ ਸਭ ਤੋਂ ਵੱਡਾ ਮਾਣ ਇਸ ਗੱਲ ਦਾ ਹੈ ਕਿ ਇਸ ਦੇ ਸਦਰ ਮੁਕਾਮ ਦਾ ਨਾਂ ਪੰਜਾਬੀ ਸਾਹਿਤ ਦੇ ਭੀਸ਼ਮ ਪੀਤਾਮਾ-ਸ਼ੇਖ ਫਰੀਦ ਸ਼ੁੱਕਰਗੰਜ ਦੇ ਨਾਂ ਤੇ ਰੱਖਿਆ ਗਿਆ ਹੈ ਜਿਨ੍ਹਾਂ ਨੂੰ ਪੰਜਾਬੀ ਸਾਹਿਤ ਦਾ ਪ੍ਰਥਮ ਕਵੀ ਕਹਿ ਕੇ ਯਾਦ ਕੀਤਾ ਜਾਂਦਾ ਹੈ। 'ਆਦਿ-ਗ੍ਰੰਥ' ਵਿਚ ਸ਼ੇਖ਼ ਫਰੀਦ ਦੇ 112 ਸਲੋਕ ਅਤੇ ਚਾਰ ਸ਼ਬਦ ਦਰਜ ਹਨ ਜੋ ਅੱਜ ਪੰਜਾਬ ਵਿਚ ਬੜੇ ਪਿਆਰ-ਸਤਿਕਾਰ ਨਾਲ ਗਾਏ ਜਾਂਦੇ ਹਨ।

**ਸੰਤ ਕਬੀਰ (1398-1495) :**

ਕਬੀਰ ਜੀ ਦੇ ਸਲੋਕਾਂ ਦਾ ਗਾਇਨ ਅੱਜ ਵੀ ਪੰਜਾਬ ਵਿਚ ਬੜਾ ਲੋਕਪ੍ਰਿਯ ਹੈ। 'ਆਦਿ-ਗ੍ਰੰਥ' ਵਿਚ ਬਾਕੀ ਸਾਰੇ ਭਗਤਾਂ ਨਾਲੋਂ ਕਬੀਰ ਜੀ ਦੀਆਂ ਰਚਨਾਵਾਂ ਵਧੀਕ ਹਨ। 224 ਸ਼ਬਦ ਅਤੇ 247, ਸਲੋਕਾਂ ਤੋਂ ਇਲਾਵਾਂ ਵੀ ਕੁਝ ਰਚਨਾਵਾਂ-ਗੁਰਮਤਿ ਸੰਗੀਤ ਅਨੁਸਾਰ ਗਾਈਆਂ ਜਾਂਦੀਆਂ ਹਨ। ਪੰਜਾਬ ਦੇ ਭਗਤੀ ਸੰਗੀਤ ਧਾਰਾ ਵਿਚ-ਗੁਰੂ ਜਨਾਂ ਦੀਆਂ ਰਚਨਾਵਾਂ ਤੋਂ ਬਾਅਦ ਕਬੀਰ ਜੀ ਦਾ ਮਹੱਤਵਪੂਰਣ ਸਥਾਨ ਮੰਨਿਆਂ ਜਾਂਦਾ ਹੈ। ਸ਼ੈਲੀ ਪੱਖ ਤੋਂ ਇਨ੍ਹਾਂ ਦੀ ਬਾਣੀ, 'ਸੂਫੀ-ਗਾਇਕੀ' ਨਾਲੋਂ ਕੋਈ ਜ਼ਿਆਦਾ ਭਿੰਨ ਨਹੀਂ ਹੈ।

**ਸ਼ਾਹ ਹੁਸੈਨ (1538-1599 ਈ. ਲਾਹੌਰ) :**

ਪ੍ਰਸਿੱਧ ਸੂਫੀ-ਗਾਇਕ ਸ਼ਾਹ ਹੁਸੈਨ ਨੇ (36) ਰਾਗਾਂ ਵਿਚ 165-ਕਾਫੀਆਂ ਦੀ ਰਚਨਾ ਕੀਤੀ। ਸ਼ਾਲਾਮਾਰ-ਬਾਗ, ਲਾਹੌਰ ਵਿਖੇ ਹੁਣ ਵੀ ਹਰੇਕ ਸਾਲ, ਸ਼ਾਹ ਹੁਸੈਨ ਦੀ ਮਜ਼ਾਰ ਉਪਰ, ਸੰਗੀਤ ਦੀ ਪੇਸ਼ਕਾਰੀ (ਕਾਫੀ-ਕੱਵਾਲੀ-ਗਜ਼ਲ) ਹੁੰਦੀ ਹੈ। ਪੰਜਾਬ ਵਿਚ ਅੱਜ ਵੀ ਸ਼ਾਹ ਹੁਸੈਨ ਦੀਆਂ ਕਾਫੀਆਂ ਦੀ ਲੋਕਪ੍ਰਿਅਤਾ ਜਾਰੀ ਹੈ ਅਤੇ ਜਾਰੀ ਰਹੇਗੀ।

**ਬੁੱਲੇ ਸ਼ਾਹ (ਅਠਾਰਵੀਂ ਸਦੀ) :**

"ਬੁੱਲੇ ਸ਼ਾਹ ਦੇ ਉਪਲੱਬਧ ਕਲਾਮ ਵਿਚ -156 ਕਾਫੀਆਂ-3. ਸੀਹਰਫੀਆਂ, 40-ਗੰਦਾਂ, 2-ਬਾਰਹਮਾਹ, 1-ਅਠਵਾਰਾ ਅਤੇ 49-ਦੋਹੜੇ ਹਨ। ਇਨ੍ਹਾਂ ਸਭਨਾਂ ਵਿਚੋਂ, ਕਾਫੀਆਂ ਅਧਿਕ ਪ੍ਰਸਿੱਧ ਅਤੇ ਹਰਮਨ

ਪਿਆਰੀਆਂ ਰਹੀਆਂ ਹਨ ਅਤੇ ਕੱਵਾਲਾਂ ਦੁਆਰਾ, ਸੂਫੀ ਮਹਿਫਲਾਂ ਦਾ ਸ਼ਿੰਗਾਰ ਬਣੀਆਂ ਹਨ ।" ਅੱਜ ਵੀ ਇਹ ਕਾਫੀਆਂ 'ਸਰਲ-ਸ਼ਾਸਤ੍ਰੀ ਸੰਗੀਤ' ਸ਼ੈਲੀ ਅਨੁਸਾਰ, ਰਾਗਾਂ ਵਿਚ, ਕੱਵਾਲੀ ਅੰਗ ਨਾਲ ਅਤੇ 'ਕਾਫੀ ਦੇ ਮੌਲਿਕ ਅੰਗ' ਨਾਲ ਗਾਈਆਂ ਜਾਂਦੀਆਂ ਹਨ । ਪੰਜਾਬ ਵਿਚ ਸੂਫੀ-ਗਾਇਕਾਂ ਦੀਆਂ ਕਾਫੀਆਂ- ਕੱਵਾਲੀਆਂ ਦੀ ਲੋਕ ਪ੍ਰਿਅਤਾ ਸਿਖਰ ਤੇ ਹੈ । ਭਗਤੀ ਰੱਸ ਵਿਚ ਰੰਗੀ ਹੋਈ, ਕਾਫੀ-ਗਾਇਨ ਸ਼ੈਲੀ, ਪੰਜਾਬੀ-ਸੰਗੀਤ ਦੀ ਇਕ ਵਧੀਆ ਪੇਸ਼ਕਾਰੀ ਅਤੇ ਪ੍ਰਾਪਤੀ ਹੈ ।

ਇਸ ਪ੍ਰਕਾਰ, ਇਕ ਪਾਸੇ, ਜਨ ਸਾਧਾਰਣ ਵਿਚ ਭਗਤੀ ਸੰਗੀਤ ਪ੍ਰਚੱਲਿਤ ਸੀ ਤਾਂ ਦੂਜੇ ਪਾਸੇ ਰਾਜਿਆਂ ਤੇ ਬਾਦਸ਼ਾਹਾਂ ਦੇ, ਕਿਲਾ ਮੁਬਾਰਕ ਜਾਂ ਰਾਜ ਮਹਿਲਾਂ ਵਿਚ ਦਰਬਾਰੀ ਸੰਗੀਤ ਦੀ ਧਾਰਾ ਵਿਕਸਤ ਹੋ ਰਹੀ ਹੈ ਜਿਸ ਵਿਚ ਧਰੁਪਦ ਧਮਾਰ ਤੋਂ ਬਾਅਦ ਹੌਲੀ-ਹੌਲੀ ਖ਼ਿਆਲ, ਟੱਪਾ, ਠੁਮਰੀ, ਕੱਵਾਲੀ ਅਤੇ ਗਜ਼ਲ ਨੇ ਲੋਕ ਪ੍ਰਿਅਤਾ ਹਾਸਲ ਕੀਤੀ । ਭਗਤੀ ਸੰਗੀਤਕਾਰ ਪ੍ਰਮਾਤਮਾਂ ਦੀ ਸਿਫਤ-ਸਾਲਾਹ ਅਤੇ ਸਾਮਾਜਿਕ ਬੁਰਾਈਆਂ ਸੰਬੰਧੀ, ਭਜਨ, ਪਦ, ਆਦਿ ਗਾਉਂਦੇ ਸਨ ਪਰ ਦਰਬਾਰੀ ਸੰਗੀਤਕਾਰ ਆਪਣੇ ਰਾਜਿਆਂ-ਬਾਦਸ਼ਾਹਾਂ ਦੀ ਸਿਫਤ-ਸਾਲਾਹ ਦਾ ਗਾਇਨ ਕਰਕੇ, ਧਨ-ਯਸ਼ ਅਤੇ ਆਹੁਦੇ ਹਾਸਲ ਕਰਦੇ ਸਨ ਜਿਵੇਂ :-

ਆਲਾਉਦੀਨ ਖਿਲਜੀ (1290-1320 ਈ.) ਇਕ ਸੰਗੀਤ ਪ੍ਰੇਮੀ ਬਾਦਸ਼ਾਹ ਸੀ । ਉਸਨੇ ਇਕ ਫਾਰਸੀ- ਸੰਗੀਤਕਾਰ ਅਮੀਰ ਖੁਸਰੋ ਨੂੰ ਆਪਣਾ ਮੰਤਰੀ, ਕਵੀ ਅਤੇ ਦਰਬਾਰੀ ਗਾਇਕ ਦਾ ਸਨਮਾਨ ਦਿੱਤਾ । ਬਾਦਸ਼ਾਹ ਬਾਬਰ ਖੁਦ ਵੀ ਬੜਾ ਵਧੀਆ ਸੰਗੀਤਕਾਰ ਸੀ । ਜੌਨਪੁਰ ਦੇ ਬਾਦਸ਼ਾਹ ਸੁਲਤਾਨ ਹੁਸੈਨ ਸ਼ਰਕੁ (1458-1499 ਈ.) ਵੀ ਸੰਗੀਤਕਾਰ ਸਨ ।

ਗਵਾਲੀਅਰ ਪ੍ਰਦੇਸ ਦੇ ਮਹਾਰਾਜਾ ਮਾਨ ਸਿੰਘ ਤੋਮਰ ਵੀ ਸੰਗੀਤਕਾਰ ਸਨ । ਉਨ੍ਹਾਂ ਨੇ ਸੰਗੀਤ ਸੰਬੰਧੀ ਗ੍ਰੰਥ-'ਮਾਨ ਕੌਤੂਹਲ' ਸੰਕਲਿਤ ਕੀਤਾ ਤੇ ਫਕੀਰੋਦੁੱਲਾ ਦਵਾਰਾ ਉਸਦਾ ਅਨੁਵਾਦ ਕਰਵਾਇਆ । ਉਸਦੀ ਮਹਾਰਾਨੀ, ਇਕ ਬਹਾਦੁਰ, ਖੂਬਸੂਰਤ ਅਤੇ ਸੰਗੀਤਕਾਰ ਸੀ ਜਿਸਨੇ 'ਗੁਜ਼ਰੀ-ਮਹਿਲ' ਵਿਚ 'ਮਾਨ-ਮੰਦਿਰ' (ਸੰਗੀਤ ਵਿਦਿਆਪੀਠ) ਦੀ ਸਥਾਪਨਾ ਕੀਤੇ ਜਿੱਥੇ 'ਤਾਨਸੇਨ' ਅਤੇ ਬੈਜੂ ਬਾਂਵਰਾ' ਵਰਗੇ ਮਹਾਨ ਗਾਇਕ ਵੀ ਆਉਂਦੇ ਸਨ ।

ਸੰਗੀਤਕਾਰ-ਬਾਦਸ਼ਾਹ ਅਕਬਰ (1550-1605) ਦੀ ਸੰਗੀਤ ਪ੍ਰਿਅਤਾ ਨੂੰ ਹਰ ਕੋਈ ਜਾਣਦਾ ਹੈ ਕਿ ਉਸਨੇ, ਸੰਗੀਤ ਸਮਰਾਟ ਤਾਨਸੇਨ ਨੂੰ ਅਪਣੇ ਮੰਤਰੀ ਮੰਡਲ ਵਿਚ (ਨਵ-ਰਤਨਾਂ) ਸਨਮਾਨਿਤ ਪਦ ਪ੍ਰਦਾਨ ਕੀਤਾ ਸੀ ।

ਬਾਦਸ਼ਾਹ ਜਹਾਂਗੀਰ (1605-1627) ਨਿਰਤ ਕਲਾ ਅਤੇ ਗਾਇਨ ਕਲਾ ਦਾ ਬੜਾ ਸ਼ੌਕੀਨ ਸੀ । ਉਸਦੀ ਬੇਗਮ ਵੀ ਕਾਵਿ ਅਤੇ ਗਾਇਨ ਦੀ ਸ਼ੌਕੀਨ ਸੀ । ਦੋਵੇਂ ਖੁਦ ਗਜ਼ਲਾਂ ਲਿਖ ਕੇ ਗਾਉਂਦੇ ਵੀ ਸਨ । ਜਹਾਂਗੀਰ ਦੇ ਦਰਬਾਰੀ ਗਾਇਕ ਬਿਲਾਸ ਖ਼ਾਂ, ਛਤਰ ਖ਼ਾਂ, ਪਰਵੇਜ਼ ਦਾਦ ਅਤੇ ਹਮਜਾਨ ਖ਼ਾਂ ਆਦਿ ਪ੍ਰਸਿੱਧ ਗਾਇਕ ਸਨ ਅਤੇ ਸ੍ਰੇਸ਼ਟ ਗਾਇਕ, ਸ਼ਾਹਜਹਾਂ ਬਾਦਸ਼ਾਹ ਦਰਬਾਰੀ ਸੰਗੀਤਕਾਰ-ਲਾਲ ਖ਼ਾਂ, ਦਿਰੰਗ ਖ਼ਾਂ, ਰਾਮਦਾਸ ਅਤੇ ਜਗਨ ਨਾਥ ਆਦਿ ਸਨ ਜਿਨ੍ਹਾਂ ਦਾ ਨਾਮ ਪ੍ਰਸਿੱਧ ਹੈ ।

ਸੰਗੀਤ ਦਾ ਵਿਰੋਧੀ ਬਾਦਸ਼ਾਹ ਕਿਹਾ ਜਾਣ ਵਾਲਾ ਔਰੰਗਜ਼ੇਬ (1658-1707) ਵੀ ਅਸਲ ਵਿਚ ਸੰਗੀਤ ਨੂੰ ਕੋਈ ਨਫਰਤ ਨਹੀਂ ਕਰਦਾ ਸੀ ਕੇਵਲ ਕੁਝ ਧਾਰਮਿਕ ਅਤੇ ਰਾਜਨੀਤਕ ਕਾਰਣਾਂ ਕਰਕੇ ਉਸਨੇ ਸੰਗੀਤ ਨੂੰ - 'ਵਰਜਿਤ ਕਰਾਰ' ਦਿੱਤਾ ਸੀ । ਇਸ ਸੰਬੰਧੀ ਪ੍ਰਸਿੱਧ ਵਿਦਵਾਨ ਸਲੋਚਨਾ ਬ੍ਰਹਸਪਤੀ ਦੇ ਅਨੁਸਾਰ -

"ਔਰੰਗਜ਼ੇਬ ਨੇ ਦਰਬਾਰ ਵਿਚ ਜਦੋਂ ਸੰਗੀਤ ਨੂੰ ਵਰਜਿਤ ਕਰਾਰ ਦਿੱਤਾ ਤਾਂ ਉਸ ਵਕਤ ਉਸਦੀ ਉਮਰ ਪੰਜਾਹ ਸਾਲ ਦੀ ਸੀ । ਉਨੰਜਾ ਸਾਲ ਦੀ ਉਮਰ ਤਕ ਉਹ ਸੰਗੀਤ ਸੁਣਦਾ ਰਿਹਾ, ਸੰਗੀਤਕਾਰਾਂ ਨੂੰ ਪੁਰਸਕਾਰ ਤੇ ਉਪਾਧੀਆਂ ਦੇਂਦਾ ਰਿਹਾ , ਉਸਨੂੰ ਸਮਰਪਿਤ ਕਰਨ ਦੇ ਲਈ ਸੰਗੀਤ ਗ੍ਰੰਥਾਂ ਦੀ ਰਚਨਾ ਹੁੰਦੀ ਰਹੀ । ਦਰਬਾਰ ਵਿਚ ਗਾਉਣ-ਵਜਾਉਣ ਦੀ ਮਨਾਹੀ ਔਰੰਗਜ਼ੇਬ ਨੇ 'ਸੁੰਨੀ' ਮੌਲਵੀਆਂ ਅਤੇ ਬਹੁਗਿਣਤੀ-ਮੁਸਲਮਾਨਾਂ ਨੂੰ ਪ੍ਰਸੰਨ ਕਰਨ ਦੇ ਲਈ ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ, ਰਾਜਨੀਤਕ ਦ੍ਰਿਸ਼ਟੀ ਤੋਂ ਕੀਤੀ । ਉਸਦੇ ਰਾਜ ਮਹਿਲ ਵਿਚ, (ਬੇਗਮਾਂ ਅਤੇ ਬੇਈਆਂ ਲਈ) ਗਾਣਾ-ਵਜਾਣਾ ਸਾਦਾ ਹੁੰਦਾ ਰਿਹਾ ਅਤੇ ਉਹ ਅੰਤਾਪੁਰ ਦੇ ਲਈ ਗਾਇਕਾਵਾਂ ਦੀ ਨਿਯੁਕਤੀ ਖ਼ੁਦ ਕਰਦਾ ਰਿਹਾ ।

ਅਜਮੇਰ ਵਿਚ ਖ਼ਵਾਜਾ ਮੁਈਨੋਦੀਨ ਚਿਸ਼ਤੀ ਅਤੇ ਦਿੱਲੀ ਵਿਚ ਸ਼ੇਖ ਨਿਜ਼ਾਮੋਦੀਨ ਚਿਸ਼ਤੀ ਦੀ ਦਰਗਾਹ ਤੇ ਕੱਵਾਲ ਲੋਕ ਗਾਉਂਦੇ ਵਜਾਉਂਦੇ ਹਨ । ਮੁਹੱਰਮ ਦੇ ਦਿਨਾਂ ਵਿਚ ਸ਼ਿਆ ਮੁਸਲਮਾਨ-ਮਰਸੀਏ ਅਤੇ ਸੋਜ਼ ਪੜਦੇ ਹਨ । ਸੋਜ਼-ਰਾਗ ਰਾਗਨੀਆਂ ਵਿਚ ਬੰਨੇ ਹੁੰਦੇ ਹਨ ਅਤੇ ਸੋਜ਼ਖਵਾਂ (ਸੋਜ਼-ਗਾਇਕ) ਲੋਕ, ਤਾਨਪੂਰੇ ਦੇ ਨਾਲ ਬਾਕਾਇਦਾ ਅਭਿਆਸ ਕਰਦੇ ਹਨ ।

ਮੁਗ਼ਲ ਸਮਰਾਟ ਬਣਨ ਤੋਂ ਅੱਠ ਨੌਂ ਸਾਲ ਤਕ ਔਰੰਗਜ਼ੇਬ ਸੰਗੀਤ ਦਾ ਆਨੰਦ ਲੈਂਦਾ ਰਿਹਾ । ਔਰੰਗਜ਼ੇਬ ਦੀ ਮੋਹਰ ਨਾਲ ਅੰਕਿਤ ਅਨੇਕਾਂ ਧਰੁਪਦ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਦੇ ਵਿਸ਼ੇ-ਸ਼ੋਭਾ, ਪ੍ਰਤਾਪ, ਸਾਲਾਨਾ ਸਮਾਰੋਹ, ਹੋਲੀ ਅਤੇ ਨਾਇਕ-ਨਾਇਕਾ ਭੇਦ ਹਨ । ਖੁਸ਼ਹਾਲ ਖਾਂ, ਬਿਸਰਾਮ ਖਾਂ, ਰਨਬੈਨ ਖਾਂ, ਹਯਾਤ ਖਾਂ, ਸਰਸਨੈਨ, ਸੁਖੀ ਸੇਨ, ਕਲਾਵੰਤ ਅਤੇ ਕਿਰਪਾ 'ਮੰਦ ਗਰਾਇ' ਔਰੰਗਜ਼ੇਬ ਦੇ ਕ੍ਰਿਪਾ ਪਾਤਰ ਕਲਾਕਾਰ ਸਨ । ਖੁਸ਼ਹਾਲ ਖਾਂ ਨੂੰ 'ਗੁਣ ਸਮੁੰਦਰ' ਅਤੇ ਕ੍ਰਿਪਾ ਰਾਇ ਨੂੰ ਮ੍ਰਿਦੰਗ ਰਾਇ ਦੀ ਉਪਾਧੀ ਔਰੰਗਜ਼ੇਬ ਨੇ ਹੀ ਦਿੱਤੀ ਸੀ । ਔਰੰਗਜ਼ੇਬ ਦੇ, ਵੇਤਨ-ਭੋਗੀ ਕਰਮਚਾਰੀ, ਮਿਰਜ਼ਾ ਰੋਜ਼ਨ ਜ਼ਮੀਰ ਨੇ ਅਰੋਬਲ ਦੇ ਸੰਗੀਤ ਪਾਰਿਜਾਤ ਦਾ ਅਨੁਵਾਦ -1666 ਈ. ਵਿਚ ਕੀਤਾ । ਫਕੀਰੁੱਲਾ ਨੇ ਔਰੰਗਜ਼ੇਬ ਨੂੰ ਹੀ ਸਮਰਪਿਤ ਕਰਨ ਦੇ ਲਈ 'ਰਾਗ ਦਰਪਣ' ਦੇ ਨਾਮ ਨਾਲ, "ਮਾਨ-ਕੌਤੂਹਲ" ਦਾ ਅਨੁਵਾਦ ਕੀਤਾ ਸੀ ।

ਇਸ ਪ੍ਰਕਾਰ ਪੰਜਾਬੀ ਖੇਤਰ ਵਿਚ, ਵੱਖ ਵੱਖ ਸੰਪ੍ਰਦਾਵਾਂ ਦਾ ਧਾਰਮਿਕ ਅਤੇ ਸਮਾਜਿਕ ਸੰਗੀਤ ਵੀ ਬਹੁਤ ਪ੍ਰਚੱਲਿਤ ਸੀ । ਇਸ ਤੋਂ ਇਲਾਵਾ ਪੰਜਾਬ ਵਿਚ ਜੈਦੇਵ ਦੇ 'ਗੀਤ-ਗੋਵਿੰਦ' ਦੀਆਂ ਭਗਤੀ ਰਚਨਾਵਾਂ ਵੀ ਪ੍ਰਚੱਲਿਤ ਹੋਈਆਂ । ਪੰਜਾਬੀਆਂ ਨੇ ਜੈਦੇਵ ਦੇ ਗੀਤਾਂ ਨੂੰ ਬੜੇ ਪਿਆਰ ਨਾਲ ਗਾਇਆ । ਉਨ੍ਹਾਂ ਦੇ ਕਈ ਗੀਤਾਂ ਉਪਰ 'ਨਿਰਤ' ਵੀ ਬਣਾਏ ਗਏ । ਪਨਘਟ ਦਾ ਵਾਤਾਵਰਣ ਬੜਾ ਸੰਗੀਤਮਈ ਹੁੰਦਾ ਸੀ । ਪੰਜਾਬੀ ਇਸਤ੍ਰੀਆਂ ਜਦੋਂ ਖੂਹ ਤੇ ਪਾਣੀ ਭਰਨ ਜਾਂਦੀਆਂ ਸਨ, ਤਾਂ ਗੀਤ ਗਾਉਂਦੀਆਂ ਹੋਈਆਂ ਜਾਂਦੀਆਂ ਸਨ । ਮੱਧਕਾਲੀਨ ਪੰਜਾਬ ਵਿਚ ਸਭ ਪ੍ਰਕਾਰ ਦੇ ਗੀਤ ਅਤੇ ਨਿਰਤ, ਬਣ ਚੁਕੇ ਸਨ ਜਿਵੇਂ - ਵਿਆਹ ਦੇ ਮੌਕੇ ਤੇ ਗਾਏ ਜਾਣ ਵਾਲੇ ਗੀਤ ਰਚੇ ਗਏ । ਹੋਰ ਅਵਸਰਾਂ ਸੰਬੰਧੀ ਕਈ ਧਾਰਮਿਕ ਗੀਤ ਵੀ ਬਣੇ । ਵਿਆਹ ਦੇ ਮੌਕੇ ਤੇ ਅਨੇਕਾਂ ਪ੍ਰਕਾਰ ਦੇ ਨ੍ਰਿਤ (ਗਿੱਧਾ, ਭੰਗੜਾ, ਝੂਮਰ, ਲੁੱਡੀ, ਕੀਕਲੀ ਆਦਿ) ਕੀਤੇ ਜਾਂਦੇ ਸਨ । ਸਾਵਣ ਦੇ ਮਹੀਨ ਵਿਚ ਇਸਤ੍ਰੀਆਂ ਦਾ ਵਿਸ਼ੇਸ਼ ਤਿਉਹਾਰ, 'ਤੀਆਂ' ਵਿਚ ਪੀਂਘਾਂ ਝੂਟਦੀਆਂ ਮੁਟਿਆਰਾਂ ਵੱਲੋਂ ਗੀਤ ਗਾਏ ਜਾਂਦੇ । ਉਹ ਪੀਂਘਾਂ ਤੇ ਬੈਠ ਕੇ ਆਪਣੇ ਭਰਾਵਾਂ ਦੇ ਮੰਗਲ ਗੀਤ ਗਾਉਂਦੀਆਂ ਸਨ । ਮੱਧਕਾਲ ਤੋਂ ਪਹਿਲਾਂ ਇਹ ਗੀਤ ਪੰਜਾਬ ਵਿਚ ਪ੍ਰਚੱਲਿਤ ਨਹੀਂ ਸਨ । ਪ੍ਰੰਤੂ ਅਨੇਕਾਂ ਪ੍ਰਕਾਰ ਦੇ ਗੀਤ ਅਤੇ ਨਿਰਤ ਪਹਿਲਾਂ ਵੀ ਪ੍ਰਚੱਲਿਤ ਸਨ, ਅੱਜ ਵੀ ਪ੍ਰਚੱਲਿਤ ਹਨ । ਇਸਲਾਮੀ ਮੱਤ ਦੇ ਪਵਿੱਤਰ ਗ੍ਰੰਥ, ਕੁਰਾਨ-ਸ਼ਰੀਫ਼ ਦੇ ਗਾਇਨ ਦੀ ਪਰੰਪਰਾ ਨਿਰੰਤਰ ਜਾਰੀ ਹੈ ।

ਪੰਜਾਬ ਵਿਚ ਅੱਜ ਵੀ ਸੂਫੀਆਨਾ ਗਾਇਕੀ ਦੀ ਲੋਕ ਪ੍ਰਿਅਤਾ ਹੈ । ਸੂਫੀ ਪਰੰਪਰਾ ਦੇ ਸੰਗੀਤਕਾਰਾਂ ਨੇ ਲੋਕ ਧੁਨਾਂ ਅਤੇ ਰਾਗਾਂ ਦੀ ਪਰੰਪਰਾ ਦੋਹਾਂ ਨੂੰ ਅਪਣਾਇਆ । ਕੱਵਾਲੀਆਂ, ਕਾਫੀਆਂ ਅਤੇ ਗਜ਼ਲਾਂ ਦੀ ਸ਼ੈਲੀਗਤ ਬਣਤਰ ਅਤੇ ਵਿਕਾਸ ਵਿਚ ਇਨ੍ਹਾਂ ਦਾ ਵਿਸ਼ੇਸ਼ ਹੱਥ ਰਿਹਾ ਹੈ । ਸੂਫੀ ਰਚਨਾਵਾਂ ਵਿਚ : ਹਿੰਦੀ, ਪੰਜਾਬੀ, ਉਰਦੂ ਤੇ ਸਿੰਧੀ ਭਾਸ਼ਾ ਦੇ ਸ਼ਬਦ ਆਮ ਵਰਤੇ ਗਏ ਹਨ । "1235 ਈ. ਤੋਂ 1663 ਈ. ਤਕ ਦੇ ਸੂਫੀਆਂ ਦੀ ਇਕ ਸੂਚੀ, ਇੱਥੇ 'ਖੋਜ-ਕਾਰਜ' ਦੀ ਸਹੂਲਤ ਲਈ ਦਿਤੀ ਜਾ ਰਹੀ ਹੈ ।"

| ਕ੍ਰਮ | ਨਾਮ | ਮ੍ਰਿਤੂ | ਰਾਜ ਕਾਲ |
|---|---|---|---|
| 1. | ਮੁਈਨੁਦੀਨ ਚਿਸ਼ਤੀ | 1235 ਈ. | ਰੋਕਨੋਦੀਨ |
| 2. | ਬਖ਼ਤਿਯਾਰ ਕਾਕੀ | 1236 ਈ. | ਰਜ਼ਿਆ ਸੁਲਤਾਨਾ |
| 3. | ਫਰੀਦੁਦੀਨ ਸ਼ੱਕਰਗੰਜ | 1256 ਈ. | ਨਸੀਰੁਦੀਨ ਮਹਿਮੂਦ |
| 4. | ਸ਼ੇਖ਼ ਸ਼ਰਫਦੀਨ ਬੂ-ਅਲੀ | 1323 ਈ. | ਗਿਆਸੁਦੀਨ ਤੁਗਲਕ |
| 5. | ਨਿਜ਼ਾਮੁਦੀਨ ਚਿਸ਼ਤੀ | 1324 ਈ. | " " |
| 6. | ਬੁਰਹਾਨੁਦੀਨ ਗਰੀਬ | 1337 ਈ. | 3 ਮੁਹੰਮਦ ਤੁਗਲਕ |
| 7. | ਨਸੀਰੁਦੀਨ ਚਿਰਾਗ | 1356 ਈ. | ਫਰਿਜ਼ ਤੁਗਲਕ |
| 8. | ਸ਼ੇਖ਼ ਸ਼ਰਫੁਦੀਨ ਯਾਹੀਆ | 1370 ਈ. | " " |
| 9. | ਬੰਦਾਨਵਾਜ਼ ਗੇਸੂਦਰਾਜ਼ | 1421 ਈ. | ਖ਼ਿਜਰ ਖਾਂ ਮੁਬਾਰਕ (ਦੂਜਾ) |
| 10. | ਕੁਤੁਬ ਆਲਮ | 1446 ਈ. | ਆਲਮ ਸ਼ਾਹ |
| 11. | ਮੀਰਾਨਜੀ ਬੀਜਤਪੁਰ | 1496 ਈ. | ਸਿਕੰਦਰ ਲੋਦੀ |
| 12. | ਸ਼ੇਖ਼ ਬਾਹਉਦੀਨ ਬਾਜਨ | 1506 ਈ. | " " |
| 13. | ਅਬਦੁਲ ਕੁੱਦੂਸ ਗੰਗੋਹੀ | 1538 ਈ | ਹਮਾਯੂੰ |
| 14. | ਸ਼ਾਹ ਬੁਰਹਾਨੁਦੀਨ ਜਾਨਮ | 1582 ਈ. | ਅਕਬਰ |
| 15. | ਸੈਯਦ ਸ਼ਾਹ ਹਾਸ਼ਿਮ | 1649 ਈ. | ਸ਼ਾਹਜਹਾਂ |
| 16. | ਅਮੀਨੁਦੀਨ ਆਲਾ | 1663 ਈ. | ਔਰੰਗਜ਼ੇਬ |

# ਸਾਡੇ ਕੀਰਤਨੀਏ :
# ਭਾਈ ਚਮਕੌਰ ਸਿੰਘ ਰਾਗੀ

ਪ੍ਰੋ. ਐਮ.ਐਸ. ਸਚਦੇਵਾ



ਭਾਈ ਚਮਕੌਰ ਸਿੰਘ ਨੂੰ ਗੁਰਮਤ ਸੰਗੀਤ ਦੀ ਲਗਨ ਵਿਰਸੇ 'ਚੋਂ ਹਾਸਲ ਹੋਈ । ਆਪ ਦੇ ਪਿਤਾ ਗਿਆਨੀ ਅਜੀਤ ਸਿੰਘ ਜੀ ਪਿੰਡ ਮਲੋਟ ਨੇੜੇ ਮੰਡੀ ਮਲੋਟ ਜ਼ਿਲ੍ਹਾ ਮੁਕਤਸਰ ਦੇ ਗੁਰਦੁਆਰਾ ਸਾਹਿਬ ਮਿੱਲ ਪੱਤੀ ਵਿਖੇ 1930-35 ਤੋਂ ਸੇਵਾ ਕਰਦੇ ਰਹੇ ਹਨ । ਗਿਆਨੀ ਅਜੀਤ ਸਿੰਘ ਆਪ ਪੁਰਾਤਨ ਟਕਸਾਲੀ ਗ੍ਰੰਥੀ ਸਿੰਘ ਤੇ ਪੁਰਾਤਨ ਰਾਗੀ ਸਨ ਜੋ ਧਾਰਨਾ ਅਤੇ ਰੀਤਾਂ ਵਿੱਚ ਸ਼ਬਦ ਕੀਰਤਨ ਕਰਦੇ ਸਨ । ਉਹ ਬੜੇ ਮਿਲਣਸਾਰ, ਇਮਾਨਦਾਰ ਤੇ ਗੁਣੀ ਜਨਾਂ ਦੀ ਕਦਰ ਕਰਨ ਵਾਲੇ ਵਿਅਕਤੀ ਸਨ ਜੋ ਪਿਛਲੇ ਵਰ੍ਹੇ ਸੁਰਗਵਾਸ ਹੋ ਗਏ ।

ਭਾਈ ਚਮਕੌਰ ਸਿੰਘ ਉਨ੍ਹਾਂ ਦੇ ਹੋਣਹਾਰ ਸਪੁੱਤਰ ਹਨ । ਹੁਣ ਉਨ੍ਹਾਂ ਦੀ ਜਗ੍ਹਾ ਭਾਈ ਚਮਕੌਰ ਸਿੰਘ ਹੀ ਸੇਵਾ ਕਰ ਰਹੇ ਹਨ । ਗਿਆਨੀ ਅਜੀਤ ਸਿੰਘ ਜੀ ਨੇ ਆਪਣੇ ਦੋਹਾਂ ਸਪੁੱਤਰਾਂ ਭਾਈ ਗੁਰਮੁਖ ਸਿੰਘ ਅਤੇ ਭਾਈ ਚਮਕੌਰ ਸਿੰਘ ਨੂੰ ਗੁਰਬਾਣੀ ਕੀਰਤਨ ਵਲ ਪ੍ਰੇਰਿਆ । ਪਹਿਲਾਂ ਚਮਕੌਰ ਸਿੰਘ ਨੂੰ ਭਾਈ ਉਤਮ ਸਿੰਘ ਮੁਸਾਫਰ ਪਾਸੋ ਤਬਲੇ ਦੀ ਬਕਾਇਦਾ ਸਿੱਖਿਆ ਦਿਵਾਈ ਤੇ ਆਪਣੇ ਨਾਲ ਕੀਰਤਨ ਕਰਨ ਲਾਇਆ । ਬਾਅਦ 'ਚੋਂ ਉਨ੍ਹਾਂ ਮਲੋਟ ਦੇ ਉਸਤਾਦ ਰਾਗੀ ਪ੍ਰੋ: ਮੰਗਤ ਸਿੰਘ ਮਸਤਾਨਾ ਪਾਸੋਂ ਸ਼ਬਦ-ਕੀਰਤਨ ਤੇ ਕੁਝ ਕਲਾਸੀਕਲ ਵੀ ਸਿਖਿਆ । ਆਪ ਦੇ ਵੱਡੇ ਭਰਾਤਾ ਭਾਈ ਗੁਰਮੁਖ ਸਿੰਘ ਆਪ ਨਾਲ ਤਬਲੇ ਦੀ ਸੰਗਤ ਕਰਦੇ ਹਨ । ਆਪ ਨੇ ਸਖਤ ਮਿਹਨਤ ਤੇ ਬਹੁਤ ਰੁਝੇ ਹੋਣ ਦੇ ਬਾਵਜੂਦ ਸਕੂਲ ਦੀ ਪੜ੍ਹਾਈ ਨਹੀਂ ਛੱਡੀ । ਸਕੂਲ ਵਿਚੋਂ ਵੀ ਕਈ ਵਾਰ ਇਨਾਮ ਹਾਸਲ ਕੀਤੇ । ਆਪ ਨੂੰ ਅਕਸਰ ਸ੍ਰੀ ਦਰਬਾਰ ਸਾਹਿਬ ਮੁਕਤਸਰ ਸਾਹਿਬ ਅਤੇ ਹੋਰ ਉਚ ਧਾਰਮਕ ਸਥਾਨਾਂ ਤੇ ਕੀਰਤਨ ਕਰਨ ਦਾ ਮੌਕਾ ਮਿਲਦਾ ਰਹਿੰਦਾ ਹੈ । ਗੁਰੂ ਤੇਗ ਬਹਾਦਰ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਤਾਂ ਹਰ ਸਮਾਗਮ ਤੇ ਇਨ੍ਹਾਂ ਨੂੰ ਸੇਵਾ ਬਖਸ਼ਦੀ ਹੈ । ਭਾਈ ਸਾਹਿਬ ਦੇ ਕੀਰਤਨ ਵਿੱਚ ਬੜਾ ਰਸ ਹੈ ਤੇ ਭਾਈ ਗੁਰਮੁਖ ਸਿੰਘ ਜੀ ਵਧੀਆ ਤਬਲਾ ਵਾਦਕ ਹਨ । ਇਨ੍ਹਾਂ ਦੇ ਕੀਰਤਨ ਵਿਚੋਂ ਬੀਬੀ ਬਲਜੀਤ ਕੌਰ ਦੀ ਕੀਰਤਨ ਸ਼ੈਲੀ ਦੀ ਝਲਕ ਪੈਂਦੀ ਹੈ । ਕੇਵਲ 17-18 ਸਾਲ ਦੀ ਕਸ਼ੋਰ ਜਿਹੀ ਆਯੂ ਹੋਣ ਕਰਕੇ ਆਵਾਜ਼ ਜ਼ਰਾ ਬਰੀਕ ਵੀ ਹੈ ਪਰ ਕੌਲ ਭਾਰੀ । ਉਂਜ ਆਵਾਜ਼ ਵਿਚ ਦਮ ਹੈ, ਕਸ਼ਿਸ਼ ਹੈ ਸਰੋਤਿਆਂ ਨੂੰ ਮੰਤਰ-ਮੁਗਧ ਕਰਨ ਲਈ ।

ਭਾਈ ਸਾਹਿਬ ਨੂੰ ਭਾਈ ਹਰਜਿੰਦਰ ਸਿੰਘ, ਸੰਤ ਅਨੂਪ ਸਿੰਘ, ਸੰਤ ਨਿਰੰਜਨ ਸਿੰਘ ਤੇ ਬੀਬੀ ਬਲਜੀਤ ਕੌਰ ਖਾਲਸਾ ਦਾ ਕੀਰਤਨ ਬਹੁਤ ਪਸੰਦ ਹੈ । ਗਿਆਨੀ ਅਜੀਤ ਸਿੰਘ ਜੀ ਭਾਈ ਬਖਸ਼ਿਸ਼ ਸਿੰਘ ਜੀ ਦਾ ਕੀਰਤਨ ਬਹੁਤ ਸੁਣਦੇ ਸਨ । ਪ੍ਰਮਾਤਮਾ ਭਾਈ ਗੁਰਮੁਖ ਸਿੰਘ, ਚਮਕੌਰ ਸਿੰਘ ਨੂੰ ਆਪਣੇ ਪਿਤਾ ਦੇ ਨਕਸ਼ੇ ਕਦਮਾਂ ਤੇ ਚਲਣ ਦੀ ਤਾਕਤ ਤੇ ਚੜ੍ਹਦੀ ਕਲਾ ਬਖਸ਼ੇ ।

**The Sikh Courier**

**88 Mollison Way, Edgware Middlesex**
**(Greator London) U.K.**

**The Sikh Courier**

**116 Karnani Mansion**
**25-A, Park Steet, Calcutta 700016**

# ਪੁਸਤਕ ਪਰਿਚੈ

## ਪੁਸਤਕ : ਜੀਵਨ ਬਦਲ ਗਿਆ

### ਰੀਵਿਊਕਾਰ : ਡਾ. ਤ੍ਰਿਲੋਚਨ ਸਿੰਘ ਤਰਸੀ

ਲੇਖਕ : ਸੰਤਾ ਸਿੰਘ ਆਜਿਜ਼ — ਪੰਨੇ : 117

ਪ੍ਰਕਾਸ਼ਕ : ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ — ਮੁੱਲ : 20 ਰੁ.

ਨੈਤਿਕ ਸਿੱਖਿਆ ਦਾ ਮਾਧਿਅਮ ਪੁਰਾਤਨ ਕਾਲ ਤੋਂ ਹੀ ਕਹਾਣੀ ਜਾਂ ਕਥਾ ਸਾਹਿਤ ਰਿਹਾ । ਕਿਸੇ ਵਿਅਕਤੀ ਵਿਸ਼ੇਸ਼ ਦੇ ਜੀਵਨ ਵਿੱਚ ਵਾਪਰੀਆਂ ਘਟਨਾਵਾਂ ਨੂੰ ਆਦਰਸ਼ਕ ਜੀਵਨ ਜਿਊਣ ਲਈ ਉਦਾਹਰਨ ਰੂਪ ਵਿੱਚ ਪੇਸ਼ ਕਰਦਿਆਂ, ਪਾਠਕਾਂ ਅਤੇ ਸਰੋਤਿਆਂ ਨੂੰ ਉਸੇ ਪ੍ਰਕਾਰ ਦਾ ਜੀਵਨ ਢੰਗ ਅਪਨਾਉਣ ਲਈ ਪ੍ਰੇਰਨਾਂ ਦਾ ਜਤਨ ਕੀਤਾ ਜਾਂਦਾ ਹੈ । ਅਜਿਹੀ ਕਿਰਤ ਦਾ ਮੰਤਵ ਮੌਲਿਕਤਾ, ਕਲਾ ਜਾਂ ਸਿਰਜਣਾਤਮਕਤਾ ਦਾ ਪ੍ਰਦਰਸ਼ਨ ਕਰਨਾ ਨਹੀਂ ਹੁੰਦਾ ਸਗੋਂ ਸਾਧਾਰਨ ਗਿਆਨ ਵਾਲੇ ਵਿਅਕਤੀਆਂ ਨੂੰ ਵਿਸ਼ੇਸ਼ ਢੰਗ ਦੀ ਸਿੱਖਿਆ ਦੇਣ ਦਾ ਜਤਨ ਕਰਨਾ ਹੁੰਦਾ ਹੈ । ਸਿੱਖ ਜੀਵਨ ਪ੍ਰਣਾਲੀ ਵਿੱਚ ਇਸ ਦ੍ਰਿਸ਼ਟੀ ਤੋਂ ਸਾਖੀ ਸਾਹਿਤ ਪਰੰਪਰਾ ਦਾ ਮਹੱਤਵਪੂਰਨ ਸਥਾਨ ਰਿਹਾ ਹੈ । ਜਨਮ ਸਾਖੀ ਦੇ ਵੱਖ ਵੱਖ ਰਚਨਕਾਰਾਂ ਦੀਆਂ ਕਿਰਤਾਂ ਉਪਰੰਤ, ਸੌ ਸਾਖੀ ਅਤੇ ਭਾਈ ਵੀਰ ਸਿੰਘ ਜੀ ਦੀਆਂ ਆਦਰਸ਼ਵਾਦੀ ਰਚਨਾਵਾਂ ਵੀ ਇਸੇ ਪਰੰਪਰਾ ਦੇ ਪੜਾਉ ਹਨ, ਇਨ੍ਹਾਂ ਵਿੱਚੋਂ ਕਿਸੇ ਵੀ ਰਚਨਾ ਦਾ ਸੁਰ ਸਵੈ ਕੇਂਦ੍ਰਿਤ ਨਹੀਂ ਸਗੋਂ ਆਦਰਸ਼ ਵਿਅਕਤੀ ਕੇਂਦ੍ਰਿਤ ਹੈ । ਸੰਤਾ ਸਿੰਘ ਆਜਿਜ਼ ਵੀ ਭਾਵੇਂ ਸਿੱਖ ਰਹਿਤ ਨੂੰ ਹੀ ਆਦਰਸ਼ਕ ਦ੍ਰਿਸ਼ਟੀ ਤੋਂ ਹੀ ਪੇਸ਼ ਕਰਦਾ ਹੈ । ਪਰ ਉਸ ਦੀਆਂ ਰਚਨਾਵਾਂ ਦਾ ਸੁਰ ਮੁੱਖ ਰੂਪ ਵਿੱਚ ਸਵੈ-ਕੇਂਦ੍ਰਿਤ ਹੈ । ਇੰਜ ਉਹ ਆਪਣੀ ਰਚਨਾ ਨੂੰ ਸਵੈ-ਜੀਵਨੀ ਆਧਾਰਿਤ ਆਦਰਸ਼ਵਾਦੀ ਰਚਨਾ ਬਣਾਉਣ ਦਾ ਜਤਨ ਕਰਦਾ ਹੈ ।

"ਜੀਵਨ ਬਦਲ ਗਿਆ" ਨਾਂ ਦੀ ਵਿਚਾਰ ਅਧੀਨ ਪੁਸਤਕ ਵਿੱਚ ਲੇਖਕ ਸੰਤਾ ਸਿੰਘ ਆਜਿਜ਼ ਨੇ 24 ਨਿੱਕੀਆਂ ਵੱਡੀਆਂ ਸਵੈ ਜੀਵਨੀ ਅਧਾਰਿਤ ਘਟਨਾਵਾਂ ਦੇ ਵਰਨਣ ਰਾਹੀ ਸਧਾਰਨ ਗ੍ਰਿਹਿਸਤ ਜੀਵਨ ਵਿੱਚ ਸਿੱਖ ਵਿਚਾਰਧਾਰਾ ਦੇ ਸਥਾਨ ਬਾਰੇ ਜਾਣਕਾਰੀ ਦਿੱਤੀ ਹੈ । ਇਹਨਾਂ ਨਿੱਕੀਆਂ ਵੱਡੀਆ ਰਚਨਾਵਾਂ ਨੂੰ ਤਕਨੀਕੀ ਨਿੱਕੀ ਕਹਾਣੀ ਜਾਂ ਜੀਵਨੀ ਸਾਹਿਤ ਦੀ ਦ੍ਰਿਸ਼ਟੀ ਤੋਂ ਵਿਚਾਰਨਾ ਉਚਿਤ ਪ੍ਰਤੀਤ ਨਹੀਂ ਹੁੰਦਾ । ਪੁਸਤਕ ਬਾਰੇ ਨਿਆਂ ਸੰਗਤ ਵਿਚਾਰ ਕੇਵਲ ਲੇਖਕ ਦੀ ਮਨਸ਼ਾ ਅਤੇ ਉਸ ਮਨਸ਼ਾ ਦੀ ਪੂਰਤੀ ਲਈ ਕੀਤੇ ਉਪਰਾਲੇ ਵਜੋਂ ਵੇਖ ਕੇ ਹੀ ਕਰਨਾ ਯੋਗ ਹੋਵੇਗਾ । ਸੰਗ੍ਰਹਿ ਵਿੱਚ ਸ਼ਾਮਿਲ ਹਰ ਰਚਨਾ ਨੂੰ ਵਧੇਰੇ ਵਿਸ਼ਵਾਸ਼ ਯੋਗ ਸਾਖੀ ਦੇ ਰੂਪ ਵਿੱਚ ਪੇਸ਼ ਕਰਨ ਲਈ ਲੇਖਕ ਉਸ ਘਟਨਾ ਵਿੱਚ ਆਪ ਹਾਜ਼ਰ ਰਹੇ ਹੋਣ ਦਾ ਸੰਕੇਤ ਦਿੰਦਾ ਹੈ । ਕੁਝ ਘਟਨਾਵਾਂ ਪੰਜਾਬ ਦੇ ਵੱਖ ਵੱਖ ਨਗਰਾਂ ਜਾਂ ਗਰਾਵਾਂ ਵਿੱਚ ਵਾਪਰਦੀਆਂ ਵਿਖਾਈਆਂ ਗਈਆਂ ਹਨ । ਬਾਕੀ ਦੀਆਂ ਤੁਨਜਾਨੀਆਂ ਦੇ ਕੁਝ ਨਗਰਾਂ ਵਿੱਚ ਰਚਨਾ ਦੇ ਆਰੰਭ ਵਿੱਚ ਘਟਨਾਂ ਵਾਪਰਨ ਦੇ ਸਾਲ ਅਤੇ ਸਥਾਨ ਦਾ ਸੰਕੇਤ ਬਿਰਤਾਂਤ ਦੀ ਵਿਸ਼ਵਾਸ਼ ਯੋਗਤਾ ਵਿੱਚ ਵਾਧਾ ਕਰਨ ਦਾ ਹੀ ਜਤਨ ਹੈ । ਭਾਗੋਂ ਇਹ ਢੰਗ ਡਾਇਰੀ ਲਿਖਣ ਦਾ ਵੀ ਕਿਹਾ ਜਾ ਸਕਦਾ ਹੈ । ਬਟਾਲਾ ਦੇ ਨੇੜੇ ਵੱਸੇ ਪਿੰਡ ਰੰਗੜ ਨੰਗਲ ਦੇ ਸਧਾਰਨ ਪਰਿਵਾਰ ਵਿੱਚ ਪੈਦਾ ਹੋਇਆ ਲੇਖਕ ਰੋਜ਼ਗਾਰ ਦੇ ਸਿਲਸਲੇ ਵਿੱਚ ਅਫਰੀਕਾ ਮਹਾਂਦੀਪ ਦੇ ਇੱਕ ਦੇਸ਼ ਤੁਨਜਾਨੀਆਂ ਦੇ ਰੇਲਵੇ ਵਿਭਾਗ ਵਿੱਚ ਨੌਕਰੀ ਕਰਨਾ ਚਲਾ ਗਿਆ । ਲੰਮੇ ਸਮੇਂ ਦੀ ਨੌਕਰੀ ਦੌਰਾਨ ਉਹ ਕਦੀ ਕਦੀ ਛੁੱਟੀਆਂ ਬਿਤਾਉਣ ਲਈ ਪਿੰਡ ਪਰਤਦਾ । ਸੇਵਾ ਨਵਿਰਤੀ ਉਪਰੰਤ ਉਹ ਲੁਧਿਆਣਾ ਆ ਕੇ ਵੱਸ ਗਿਆ ਅਤੇ ਸਿੱਖ ਵਿਚਾਰਧਾਰਾ ਦੇ ਪ੍ਰਚਾਰ ਵਿੱਚ ਜੁਟ ਗਿਆ । ਤੁਨਜਾਨੀਆਂ ਦੇ ਵੱਖ ਵੱਖ ਨਗਰਾਂ ਵਿੱਚ ਵਾਪਰੀਆਂ ਘਟਨਾਵਾਂ ਦੇ ਬਿਰਤਾਂਤ ਦਾ ਧੁਰਾ ਵੀ ਸਿੱਖ ਰਹਿਣੀ ਬਹਿਣੀ ਦਾ ਸਮੁੱਚੇ ਜੀਵਨ ਉਤੇ ਪਏ ਪ੍ਰਭਾਵਾਂ ਦਾ ਹੀ ਵਰਨਣ ਹੈ ।

"ਸੋ ਕਿਉਂ ਮੰਦਾ ਆਖੀਐ" ਦੀ ਨਾਇਕਾ ਭਾਵੇਂ ਇੱਕ ਇਸਾਈ ਇਸਤਰੀ ਹੈ ਜੋ ਇੱਕ ਨੌਜਵਾਨ ਪਰ ਬਿਮਾਰ ਸਿੱਖ ਦੀ ਸੇਵਾ ਪੂਰਨ ਰੂਪ ਵਿੱਚ ਨਿਸ਼ਕਾਮ ਭਾਵਨਾ ਨਾਲ ਕਰਦੀ ਹੈ ਅਤੇ ਵਿਦਾ ਹੋ ਰਹੇ ਸਿੱਖ ਵੀਰ ਕੋਲੋਂ ਉਸ ਦਾ ਲੋਹੇ ਦਾ ਕੜਾ ਨਿਸ਼ਾਨੀ ਵਜੋਂ ਪ੍ਰਾਪਤ ਕਰ ਕੇ ਪੂਰੇ ਸਤਿਕਾਰ ਨਾਲ ਇਸ ਅਦੁੱਤੀ ਭੇਂਟ ਨੂੰ ਸੰਭਾਲਦੀ ਹੈ ।" ਸਤਿ ਸੰਗਤ ਮਿਲੈ ਸੁ ਤਰਿਆ" ਦਾ ਭਟਕਿਆ ਹੋਇਆ ਨਾਇਕ ਇੱਕ ਗੁਰਸਿੱਖ ਦੇ ਸੰਪਰਕ ਵਿੱਚ ਆ ਕੇ ਪੂਰੀ ਤਰ੍ਹਾਂ ਬਦਲ ਜਾਂਦਾ ਹੈ । "ਗੁਰਬਾਣੀ ਕਹੈ ਸੇਵਕ ਜਨ ਮਾਨੈ" ਵਿੱਚ ਮੁਸਲਮਾਨ ਸ੍ਰੋਤਿਆਂ ਦੇ ਮਨਾਂ ਵਿੱਚ ਗੁਰਬਾਣੀ ਪ੍ਰਤੀ ਪੈਦਾ ਹੋਏ ਸ਼ੰਕੇ ਦੂਰ ਹੋਣ ਦਾ ਵਰਨਣ ਹੈ । "ਮੋੜੀ ਬਾਬਾ ਡਾਂਗ ਵਾਲਿਆ" ਵਿੱਚ ਇੱਕ ਗੁਰਸਿੱਖ ਇੱਕ ਲੜਕੀ ਨੂੰ ਅਮਰੀਕਨ ਫੌਜੀਆਂ ਦੀ ਹਵਸ ਤੋਂ ਬਚਾਉਂਦਾ ਹੈ । ਸੰਜੋਗ ਨਾਲ ਹੋਏ ਮੇਲ ਨੂੰ ਉਮਰ ਭਰ ਦੀ ਪਰਿਵਾਰਿਕ ਦੋਸਤੀ ਵਿੱਚ ਬਦਲਦੇ" ਤਾਂ ਮਿਲਿਐ ਜਾਂ ਲਏ ਮਿਲਾਈ" ਰਾਹੀਂ ਦਿਖਾਇਆ ਗਿਆ ਹੈ । ਨਸ਼ਿਆਂ ਕਾਰਨ ਸਿੱਖੀ ਦੇ ਨਾਂ ਤੇ ਲੱਗ ਰਹੇ ਧੱਬਿਆਂ ਦਾ ਵਰਨਣ "ਅੰਨ੍ਹਾਂ ਆਗੂ ਜੇ ਥੀਐ" ਵਿੱਚ ਕੀਤਾ ਗਿਆ ਹੈ । "ਬਹੁੜਿ ਪਿਤਾ ਗਲ ਲਾਵੈ" ਦਾ ਪਤਿਤ ਹੋਇਆ ਸਿੱਖ ਇੱਕ ਵਾਰ ਫਿਰ ਸਿੱਖ ਸਜਣ ਦਾ ਫੈਸਲਾ ਕਰਦਾ ਹੈ । "ਪੀਵਹੁ ਪਾਹੁਲ----------" ਰਾਹੀਂ ਅੰਮ੍ਰਿਤ ਪਾਨ ਨੂੰ ਵੀ ਪਰਿਵਾਰਿਕ ਅਤੇ ਸਮਾਜਿਕ ਉਤਸਵ ਵਜੋਂ ਮਨਾਉਣ ਦਾ ਸੁਝਾ ਦਿੱਤਾ ਗਿਆ ਹੈ । " ਗੁਰਸਿੱਖੀ ਗੁਰਸਿੱਖ ਕਮਾਵੈ" ਵਿੱਚ ਵਿਆਹ ਆਦਿ ਸਮੇਂ ਕੀਤੇ ਜਾ ਰਹੇ ਬੇਲੋੜੇ ਖਰਚਾਂ ਅਤੇ ਵਿਖਾਵਿਆਂ ਦਾ ਵਿਰੋਧ ਕੀਤਾ ਗਿਆ ਹੈ । ਇਸੇ ਤਰ੍ਹਾਂ ਹੀ ਬਾਕੀ ਰਚਨਾਵਾਂ ਵਿੱਚ ਵੀ ਗੁਰਬਾਣੀ ਰਾਹੀਂ ਪ੍ਰਗਟ ਕੀਤੇ ਗਏ ਕਿਸੇ ਨਾ ਕਿਸੇ ਵਿਚਾਰ ਨੂੰ ਜੀਵਨ ਵਿੱਚ ਵਰਤ ਕੇ ਵਿਖਾਇਆ ਗਿਆ ਹੈ ।

ਇਸ ਪ੍ਰਕਾਰ "ਜੀਵਨ ਬਦਲ ਗਿਆ" ਦੀ ਹਰ ਰਚਨਾਂ ਸਿੱਖ ਜੀਵਨ ਢੰਗ ਸਬੰਧੀ ਕਿਸੇ ਨਾ ਕਿਸੇ ਆਦਰਸ਼ ਨੂੰ ਘਟਾਉਣ ਦੀ ਸਿੱਖਿਆ ਬਣ ਖਲੋਂਦੀ ਹੈ । ਪੁਸਤਕ ਦਾ ਮੰਤਵ ਸਿੱਖ ਵਿਚਾਰਧਾਰਾ ਦਾ ਦਾਰਸ਼ਨਿਕ ਪੱਖ ਉਜਾਗਰ ਕਰਨਾ ਨਹੀਂ ਸਗੋਂ ਸਿਖ ਰਹਿਣੀ ਬਹਿਣੀ ਪੁਸਤਕ ਤੋਂ ਅਨਜਾਣ ਜਾਂ ਅੱਧਾ ਜਾਣੂ ਵਿਅਕਤੀਆਂ ਨੂੰ ਜੀਵਨ ਵਿੱਚ ਇਸ ਦੀ ਉਪਯੋਗਤਾ ਤੋਂ ਜਾਣੂ ਕਰਵਾਉਣਾ ਹੈ । ਇੰਜ ਇਹ ਪੁਸਤਕ ਵਿਸ਼ੇਸ਼ ਵਰਗ ਲਈ ਲਾਹੇਵੰਦ ਸਿੱਧ ਹੋ ਸਕਦੀ ਹੈ ।


*With best compliments from*

**TALWAR BROTHERS**

SECTOR 15-D

CHANDIGARH

*With best compliments from*

**Hotel MAYA PALACE**

SCO 325-26, Sector 35-B

Chandigarh - 160 022

Phone : 600547 Fax : 0172-660555

# ਸਰਗਰਮੀਆਂ

## ਧਾਰਮਿਕ ਅਤੇ ਸਮਾਜਕ ਸੇਵਾ ਵਲੋਂ ਕਲਗੀਧਰ ਸੇਵਕ ਜਥਾ ਨੋਰਾ



ਕਲਗੀਧਰ ਸੇਵਕ ਜਥਾ ਨੋਰਾ ਨੂੰ ਹੋਂਦ ਵਿਚ ਆਇਆਂ ਚਾਰ ਸਾਲ ਹੋ ਗਏ ਹਨ। ਜਥੇ ਨੂੰ ਸੰਗਠਨ ਕਰਨ ਲਈ ਪਿੰਡੇ ਦੇ ਨੌਜਵਾਨ ਗੁਰਮੁੱਖਾਂ ਦਾ ਬਹੁਤ ਹੀ ਸਹਿਯੋਗ ਰਿਹਾ। ਜਨਵਰੀ 1994 ਵਿਚ ਕਲਗੀਧਰ ਸੰਗੀਤ ਵਿਦਿਆਲਾ ਗੁਰਦੁਆਰਾ ਡੇਹਰਾ ਬਾਬਾ ਗੁਲਾਬ ਸਿੰਘ ਵਿਖੇ ਖੋਲਿਆ ਗਿਆ। ਜਿਸ ਵਿਚੋਂ 27 ਬੱਚੇ ਸੰਗੀਤ ਵਿੱਦਿਆ ਪ੍ਰਾਪਤ ਕਰ ਚੁੱਕੇ ਹਨ ਅਤੇ ਹੁਣ 38 ਬੱਚੇ ਸੰਗੀਤ ਸਿੱਖ ਰਹੇ ਹਨ। ਜਥੇ ਵਲੋਂ ਜਿਥੇ ਧਾਰਮਿਕ ਪ੍ਰੋਗਰਾਮ ਕੀਤੇ ਜਾਂਦੇ ਹਨ ਉਥੇ ਸਮਾਜਿਕ ਸੇਵਾਵਾਂ ਵਿਚ ਵੀ ਯੋਗਦਾਨ ਪਾਇਆ ਜਾਂਦਾ ਹੈ।

ਜਥੇ ਵਲੋਂ ਹਰ ਸਾਲ ਸੰਤ ਬਾਬਾ ਸੇਵਾ ਸਿੰਘ ਜੀ ਦੀ ਯਾਦ ਵਿਚ ਗੁਰਮਤ ਸਮਾਗਮ ਇਲਾਕੇ ਪੱਧਰ ਤੇ ਮਨਾਇਆ ਜਾਂਦਾ ਹੈ। ਜਿਸ ਵਿਚ ਹਜ਼ਾਰਾ ਸੰਗਤਾਂ ਗੁਰਬਾਣੀ ਕੀਰਤਨ ਅਤੇ ਕਥਾਂ ਸਰਵਣ ਕਰਦੀਆਂ ਹਨ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਂਦਾ ਹੈ। ਜਥੇ ਵਲੋਂ ਪਿੰਡ ਵਿਚ ਅਤੇ ਮੇਨ ਰੋਡ ਤੇ 124 ਟਿਊਬ ਲਾਈਟਾਂ ਲਗਾਈਆਂ ਗਈਆਂ ਹਨ। ਜਿਸ ਦੀ ਦੇਖਭਾਲ ਅਤੇ ਮੁਰੰਮਤ ਵੀ ਜਥੇ ਵਲੋਂ ਕੀਤੀ ਜਾਂਦੀ ਹੈ। ਜਥੇ ਵਲੋਂ ਨੋਰਾ ਬੱਸ ਅੱਡੇ ਤੇ ਇਕ ਵਾਟਰ ਕੂਲਰ ਵੀ ਲਗਾਇਆ ਗਿਆ ਹੈ। ਜਿਸ ਦਾ ਠੰਡਾ ਜਲ ਹਰ ਵੇਲੇ ਲੋਕਾਂ ਨੂੰ ਮਿਲਦਾ ਹੈ। ਜਥੇ ਵਲੋਂ ਜੁਲਾਈ 96 ਵਿਚ ਡੇਢ ਮਹੀਨੇ ਦਾ ਇਕ ਕੁਕਿੰਗ ਕੋਰਸ ਵੀ ਲੜਕੀਆਂ ਨੂੰ ਕਰਵਾਇਆ ਗਿਆ। ਜਥੇ ਵਲੋਂ ਸਿਲਾਈ ਕਢਾਈ ਅਤੇ ਪੇਂਟਿੰਗ ਸਕੂਲ ਵੀ ਖੋਲਿਆ ਗਿਆ। ਜਿਸ ਵਿਚ 115 ਲੜਕੀਆਂ ਸਿਲਾਈ ਅਤੇ ਕਢਾਈ ਅਤੇ ਪੇਂਟਿੰਗ ਸਿੱਖ ਰਹੀਆਂ ਹਨ। ਲੜਕੀਆਂ ਮਾਹਿਲ ਗਹਿਲਾ, ਭੋਰਾ ਸੁੱਜੋ, ਸ਼ੂਰਾਪੁਰ ਅਤੇ ਭੂਤਾਂ ਤੋਂ ਵੀ ਸਿਲਾਈ ਸਿੱਖਣ ਲਈ ਆਉਂਦੀਆਂ ਹਨ। ਜਥੇ ਵਲੋਂ ਸਰਕਾਰੀ ਸਿਲਾਈ ਸੈਂਟਰ ਵੀ ਖੋਲਿਆ ਗਿਆ ਹੈ। ਜਿਸ ਵਿਚ 35 ਲੜਕੀਆਂ ਸਿਲਾਈ ਸਿੱਖ ਰਹੀਆਂ ਹਨ। ਜਥੇ ਵਲੋਂ ਹਰ ਸਾਲ ਸਤੰਬਰ ਮਹੀਨੇ ਵਿਚ ਗੁਰਬਾਣੀ ਸੰਗੀਤ ਮੁਕਾਬਲਾ ਕਰਵਾਇਆ ਜਾਂਦਾ ਹੈ। ਜਿਸ ਵਿਚ ਰਨਿੰਗ ਟਰਾਫੀ ਦੇ ਨਾਲ ਨਾਲ ਮੁਕਾਬਲੇ ਵਿਚ ਭਾਗ ਲੈਣ ਵਾਲਿਆਂ ਨੂੰ ਹੌਸਲਾ ਅਫਜਾਈ ਇਨਾਮ ਵੀ ਦਿੱਤੇ ਜਾਂਦੇ ਹਨ।

ਕਲਗੀਧਰ ਸੇਵਕ ਜਥਾ ਦੁਆਬਾ–ਬੰਗਾ ਵਲੋਂ 'ਬੰਗਾ ਨਵਾਂਸ਼ਹਿਰ' ਇਲਾਕੇ ਪੱਧਰ ਤੇ ਹਰ ਸਾਲ ਪ੍ਰਕਾਸ ਉਤਸਵ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਮਨਾਇਆਂ ਜਾਂਦਾ ਹੈ। ਜਥੇ ਦੇ ਮੈਂਬਰ ਉਸ ਵਿਚ ਪੂਰਾ ਸਹਿਯੋਗ ਦਿੰਦੇ ਹਨ।

ਜਨਵਰੀ 1995 ਤੋਂ ਜਥੇ ਵਲੋਂ ਸੰਤ ਬਾਬਾ ਸੇਵਾ ਸਿੰਘ ਜੀ ਦੀ ਯਾਦ ਵਿਚ ਗੁਰੂ ਨਾਨਕ ਦੇਵ ਲਾਇਬਰੇਰੀ ਦਾ ਚਾਰਜ ਵੀ ਜਥੇ ਪਾਸ ਹੈ। ਇਹ ਪੇਂਡੂ ਲਾਇਬਰੇਰੀ ਜਿਸ ਵਿਚ ਤਕਰੀਬਨ 1500 ਕਿਤਾਬਾਂ ਹਨ ਜਿਸ ਦੀ ਦੇਖ ਰੇਖ ਵੀ ਜੱਥਾ ਕਰਦਾ ਹੈ। ਜਥੇ ਵਲੋਂ ਪਿੰਡ ਵਿਚ ਹਸਪਤਾਲ ਨਾ ਹੋਣ ਕਾਰਣ, ਬਹੁਤ ਜਲਦੀ ਹੀ ਤੁਹਾਡੀ ਸੰਗਤਾਂ ਦੀ ਮਦਦ ਨਾਲ ਹਸਪਤਾਲ ਖੋਲਿਆ ਜਾਵੇਗਾ। ਜਿਸ ਵਿਚ ਐਮ.ਬੀ.ਬੀ.ਐਸ. ਡਾਕਟਰ ਜਰੂਰ ਹੋਣਗੇ ਅਤੇ ਸਾਲ ਵਿਚ ਦੋ ਜਨਰਲ ਕੈਂਪ ਆਮ ਬਿਮਾਰੀਆਂ ਦੇ ਜਰੂਰ ਲਗਾਏ ਜਾਣਗੇ।

ਇਸ ਸਾਲ ਵੀ 22 ਸਤੰਬਰ 1996 ਨੂੰ ਗੁਰਬਾਣੀ ਸੰਗੀਤ ਮੁਕਾਬਲਾ ਕਰਵਾਇਆ ਗਿਆ ਹੈ।

ਜਥਾ ਉਨਾਂ ਸਾਰਿਆਂ ਸਹਿਯੋਗੀਆਂ ਅਤੇ ਬਾਹਰਲੇ ਮੁਲਕ ਵਿਚ ਗਏ ਹੋਏ ਲੋਕਾਂ ਨਿਵਾਸੀਆਂ ਦਾ ਬਹੁਤ ਹੀ ਰਿਣੀ ਹੈ ਤੇ ਉਹਨਾਂ ਦਾ ਬਹੁਤ ਹੀ ਧੰਨਵਾਦੀ ਹੈ। ਜਿਨ੍ਹਾਂ ਨੇ ਚੜਦੀ ਕਲਾ ਵਿਚ ਲਿਜਾਣ ਲਈ ਜਥੇ ਨੂੰ ਪੂਰਨ ਸਹਿਯੋਗ ਦਿੱਤਾ ਹੈ।

# ਪ੍ਰਸ਼ਨਾਵਲੀ



*ਪ੍ਰਸ਼ਨਾਵਲੀ - 2*

ਦਸੰਬਰ 1996 ਦਾ 'ਅੰਮ੍ਰਿਤ ਕੀਰਤਨ' ਧਿਆਨ ਨਾਲ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉਤਰ ਲਿਖ ਕੇ ਭੇਜੋ। ਠੀਕ ਉੱਤਰ ਭੇਜਣ ਵਾਲਿਆਂ ਨੂੰ 50 ਰੁਪਏ ਦੀਆਂ ਪੁਸਤਕਾਂ/ਮੈਗਜ਼ੀਨ ਇਨਾਮ ਵਜੋਂ ਦਿਤੇ ਜਾਣਗੇ।

1. ਗੁਰੂ ਤੇਗ ਬਹਾਦਰ ਜੀ ਕਿਹੜਾ ਸਾਜ਼ ਵਜਾਉਂਦੇ ਸਨ ?
2. ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜਾ ਰਾਗ ਕੇਵਲ ਗੁਰੂ ਤੇਗ ਬਹਾਦਰ ਜੀ ਨੇ ਹੀ ਪ੍ਰਯੋਗ ਕੀਤਾ ?
3. ਰਾਗ ਸੂਹੀ ਦੇ ਵਾਦੀ ਸੰਵਾਦੀ ਸੁਰ ਕਿਹੜੇ-ਕਿਹੜੇ ਹਨ ?
4. ਰਾਗ ਆਸਾ ਦੇ ਆਰੋਹ ਵਿੱਚ ਕਿਹੜੇ ਕਿਹੜੇ ਸੁਰ ਵਰਜਿਤ ਹਨ ?
5. ਸਮ ਅਤੇ ਖਾਲੀ ਨੂੰ ਦਰਸਾਉਣ ਲਈ ਕਿਹੜੇ ਸੰਗੀਤ-ਲਿਪੀ ਚਿੰਨ੍ਹ ਵਰਤੇ ਜਾਂਦੇ ਹਨ ?

ੳ. ਤੁਸੀਂ ਅੰਮ੍ਰਿਤ ਕੀਰਤਨ ਕਦੋਂ ਤੋਂ ਪੜ੍ਹ ਰਹੇ ਹੋ ?

ਅ. ਤੁਸੀਂ ਪੰਜਾਬੀ ਦੇ ਹੋਰ ਕਿਹੜੇ ਕਿਹੜੇ ਮੈਗਜ਼ੀਨ ਪੜ੍ਹਦੇ ਹੋ ?

ੲ. ਆਪਣੇ ਮਨ ਪਸੰਦ ਦੇ ਪੰਜ ਕੀਰਤਨੀਆਂ ਦੇ ਨਾਂ ਲਿਖੋ ?

ਸ. ਕਿਹੜੀ ਕੀਰਤਨ ਕੈਸਟ ਤੁਹਾਨੂੰ ਸਭ ਤੋ ਵਧੀਆਂ ਲੱਗੀ ?

ਹ. ਤੁਹਾਨੂੰ ਅੰਮ੍ਰਿਤ ਕੀਰਤਨ ਕਿਉਂ ਚੰਗਾ ਲਗਦਾ ਹੈ ?

ਉਤਰ ਭੇਜਣ ਸਮੇਂ ਆਪਣਾ ਨਾਮ, ਪਤਾ, ਉਮਰ, ਰੁਚੀ, ਪੜ੍ਹਾਈ ਅਤੇ ਕੰਮ-ਕਿਤੇ ਬਾਰੇ ਜ਼ਰੂਰ ਦੱਸੋ ਜੀ।

*ਪ੍ਰਸ਼ਨਾਵਲੀ -1 ਦੇ ਉਤਰ ਭੇਜਣ ਵਾਲੇ ਵਿਅਕਤੀਆਂ ਦੇ ਨਾਮ*

1. ਸ੍ਰ ਗੁਰਮੀਤ ਸਿੰਘ ਸਪੁਤਰ ਸ੍ਰ. ਭਜਨ ਸਿੰਘ ਬੱਗੀਵਾਲਾ, ਮਕਾਨ ਨੰ. 960/B, ਗੁਰੂ ਅਰਜਨ ਦੇਵਨਗਰ ਬਸਤੀ ਮਿੱਠੂ, ਡਾ. ਬਸਤੀ ਗੁਜ਼ਾਂ, ਜ਼ਿਲਾ ਜਲੰਧਰ-144002
2. ਹਰਿਜਸਜੀਤ ਕੌਰ, ਜੀ.ਐਚ.ਜੀ. ਪਬਲਿਕ ਸਕੂਲ, ਸਿਧਵਾਂ ਖੁਰਦ-142024 ਜ਼ਿਲਾ ਲੁਧਿਆਣਾ
3. ਪ੍ਰੋ. ਨਵਸੰਗੀਤ ਸਿੰਘ, 5156 ਅਰਬਨ ਅਸਟੇਟ - II, ਪਟਿਆਲਾ - 147002
4. ਹਰਮਿੰਦਰ ਕੌਰ, 273 ਮਾਡਲ ਟਾਊਨ, ਜਲੰਧਰ-3

*ਪ੍ਰਸ਼ਨਾਵਲੀ ਦੇ ਸਹੀ ਉਤਰ ਇਸ ਪ੍ਰਕਾਰ ਸੰਗੀਤਕ ਪ੍ਰਸ਼ਨਾਂ ਦੇ ਹਨ :*

1. ਰਬਾਬ  2. ਭਾਈ ਹੀਰਾ ਸਿੰਘ ਜੀ  3. ਰਾਤ ਦਾ ਦੂਜਾ ਪਹਿਰ  4. 16 ਮਾਤਰਾਂ

**ਅੰਮ੍ਰਿਤ ਕੀਰਤਨ, 422, ਸੈਕਟਰ 15-ਏ, ਚੰਡੀਗੜ੍ਹ**

# ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ

ਪ੍ਰੋ. ਸਾਹਿਬ ਸਿੰਘ



ਕਹਾ ਭਯੋ ਜੋ ਦੋਊ ਲੋਚਨ ਮੂੰਦਿ ਕੈ
ਬੈਠ ਰਹਿਓ ਬਕ ਧਿਆਨੁ ਲਗਾਇਓ ॥
ਨਾਤ ਫਿਰਿਓ ਲੀਏ ਸਾਤ ਸਮੁੰਦ੍ਰਨ
ਲੋਕ ਗਇਓ ਪਰਲੋਕੁ ਗਵਾਇਓ ॥
ਬਾਸੁ ਕੀਓ ਬਿਖਿਆਨ ਸੋ ਬੈਠਿ ਕੈ
ਐਸੇ ਹੀ ਐਸ ਸੁ ਬੈਸਿ ਬਿਤਾਇਓ ॥
ਸਾਚੁ ਕਹਉ ਸੁਨਿ ਲੇਹੁ ਸਭੈ
ਜਿਨਿ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥੯॥੨੯॥

(ਅਕਾਲ ਉਸਤਤ, ਤ੍ਵਪ੍ਰਸਦਿ ਸਵੱਯੇ ਪਾ. ੨੦)

ਅਰਥ : ਜੇ (ਕੋਈ ਮਨੁੱਖ) ਦੋਵੇਂ ਅੱਖਾਂ ਮੀਟ ਕੇ ਬੈਠਾ ਰਿਹਾ ਤੇ (ਉਸ ਨੇ) ਬਗਲੇ ਵਾਲੀ ਸਮਾਧੀ ਲਾਈ ਰੱਖੀ, ਇਸ ਦਾ ਕੋਈ ਲਾਭ ਨਹੀਂ ਹੋ ਸਕਦਾ । ਜੇ (ਕੋਈ ਮਨੁੱਖ ਸੱਤਾਂ ਸਮੁੰਦਰਾਂ ਤੱਕ (ਸਾਰੇ ਤੀਰਥਾਂ ਤੇ) ਇਸ਼ਨਾਨ ਕਰਦਾ ਫਿਰਿਆ ਤਾਂ ਉਸ ਨੇ ਇਹ ਲੋਕ (ਭਾਵ, ਮੌਜੂਦਾ ਜੀਵਨ ਦਾ ਸੁਖ) ਭੀ ਗਵਾ ਲਿਆ ਤੇ ਪਰਲੋਕ ਵੀ ਗਵਾਇਆ (ਕਿਉਂਕਿ ਪ੍ਰਭੂ ਦਾ ਸਿਮਰਨ ਨਾ ਕੀਤਾ) ।

ਪਰ ਜਿਸ ਮਨੁੱਖ ਨੇ (ਸਮਾਧੀ ਤੇ ਤੀਰਥ ਇਸ਼ਨਾਨ ਆਦਿਕ ਕਰਮ ਛੱਡ ਕੇ) ਵਿਕਾਰਾਂ ਨਾਲ ਹੀ ਨਿੱਠ ਕੇ ਸੰਗ ਕੀਤਾ, ਉਸ ਨੇ ਭੀ ਸਾਰੀ) ਉਮਰ ਵਿਅਰਥ ਹੀ ਗਵਾ ਲਈ ।

(ਹੇ ਭਾਈ!) ਸਾਰੇ (ਧਿਆਨ ਨਾਲ) ਸੁਣ ਲਉ, ਅਸਲ ਗੱਲ ਇਹ ਹੈ (ਕਿ ਨਾ ਤਾਂ ਬਗਲ-ਸਮਾਧੀਆਂ ਤੇ ਤੀਰਥ-ਇਸ਼ਨਾਨਾਂ ਨਾਲ ਰੱਬ ਮਿਲਦਾ ਹੈ ਤੇ ਨਾ ਹੀ ਵਿਸ਼ੇ-ਵਿਕਾਰਾਂ ਵਿਚ ਪਏ ਰਹਿਣਾ ਜੀਵਨ-ਮਨੋਰਥ ਹੈ) ਉਸੇ ਮਨੁੱਖ ਨੇ ਪਰਮਾਤਮਾ ਨੂੰ ਲੱਭਾ ਹੈ ਜਿਸ ਨੇ (ਖ਼ਾਲਕ ਤੇ ਖ਼ਲਕਤ ਨਾਲ) ਪਿਆਰ ਕੀਤਾ ਹੈ ॥੯॥੨੯॥

ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ ॥
ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕੋ ਜਾਤ ਨਿਵਾਰੇ ॥
ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਆਵਤ ਸੀਸ ਨਾ ਜਾਤ ਬਿਚਾਰੇ ॥
ਏਤੇ ਭਏ ਤ ਕਹਾ ਭਏ ਭੂਪਤਿ ਅੰਤ ਕੋ ਨਾਂਗੇ ਹੀ ਪਾਇ ਪਧਾਰੇ ॥੨॥

(ਅਕਾਲ ਉਸਤਤ ਤ੍ਵਪ੍ਰਸਾਦਿ ਸਵੱਏ ਪਾ. ੧੦)

ਅਰਥ : (ਜੇ) ਸੋਨੇ (ਦੇ ਗਹਿਣਿਆਂ) ਨਾਲ ਸਜਾਏ ਹੋਏ ਬੇ-ਮਿਸਾਲ, ਉਚੇ ਕੱਦ ਵਾਲੇ ਤੇ ਸੋਹਣੇ ਰੰਗਾਂ ਨਾਲ ਸਵਾਰੇ ਹੋਏ ਮਸਤ ਹਾਥੀ;

(ਜੇ) ਕਰੋੜਾਂ (ਹੀ) ਘੋੜੇ ਹੋਣ ਜੋ ਹੋਰਨਾਂ ਵਾਂਗ ਕੁੱਦਦੇ ਹੋਣ ਤੇ (ਇਤਨੇ ਤੇਜ਼ ਚਲਦੇ ਹੋਣ ਕਿ) ਹਵਾ ਦੀ ਚਾਲ ਨੂੰ ਭੀ ਮਾਤ ਕਰੀ ਜਾਣ ;

(ਜੇ) ਬਲਵਾਨ ਬਾਹਾਂ ਵਾਲੇ ਰਾਜੇ, ਜਿਨ੍ਹਾਂ ਦੀ ਗਿਣਤੀ ਦਾ ਅੰਦਾਜ਼ਾ ਨਾ ਲਾਇਆ ਜਾ ਸਕੇ, ਆ ਕੇ ਚੰਗੀ ਤਰ੍ਹਾਂ ਸਲਾਮਾਂ ਕਰਦੇ ਹੋਣ ;

-ਇਤਨੇ ਵੱਡੇ ਪਰਤਾਪ ਵਾਲੇ ਰਾਜੇ ਭੀ ਹੋਣ, ਤਾਂ ਭੀ ਕੀ ਹੋਇਆ ? ਅਖ਼ੀਰ ਵੇਲੇ ਤਾਂ (ਜਗਤ ਤੇ) ਨੰਗੀਂ ਪੈਰੀਂ ਹੀ ਤੁਰ ਜਾਂਦੇ ਹਨ ॥੨॥੨੨॥

'ਅੰਮ੍ਰਿਤ ਕੀਰਤਨ'
ਨੂੰ ਹੋਰ ਚੰਗੇਰਾ ਬਣਾਉਣ
ਲਈ ਸੁਝਾਅ ਭੇਜਣ ਦੀ
ਕਿਰਪਾ ਕਰੋ

# ਰਾਗ ਪਟਦੀਪ

**ਪ੍ਰੋ. ਕਰਤਾਰ ਸਿੰਘ**

**ਪਰੀਚੈ :-**

ਉਤਰੀ ਸੰਗੀਤ ਪੱਧਤੀ ਦਾ ਇਹ ਇਕ ਪ੍ਰਚੱਲਿਤ ਤੇ ਮਧੁਰ ਰਾਗੁ ਹੈ । ਇਹ ਰਾਗੁ ਭੀਮਪਲਾਸੀ ਤੇ ਧਨਾਸਰੀ ਦੇ ਬਹੁਤ ਨੇੜੇ ਹੈ । ਧਨਾਸਰੀ ਤੇ ਭੀਮਪਲਾਸੀ ਵਿਚ ਕੋਮਲ ਨਿਸ਼ਾਦ ਤੇ ਪਟਦੀਪ ਵਿਚ ਸ਼ੁਧ ਨਿਸ਼ਾਦ ਦਾ ਪ੍ਰਯੋਗ ਕੀਤਾ ਜਾਂਦਾ ਹੈ । ਨ਼ ਸ ਗੁ ਰ ਸ ਤੇ ਗੁ ਮ ਪ ਨ ਧ ਪ ਸਵਰ ਲੈਣ ਨਾਲ ਇਸ ਰਾਗ ਦਾ ਸਰੂਪ ਸਪੱਸ਼ਟ ਹੋ ਜਾਂਦਾ ਹੈ ।

ਰਾਗ - ਪਟਦੀਪ
ਸਵਰ - ਗੰਧਾਰ ਕੋਮਲ ਹੋਰ ਸਭ ਸ਼ੁੱਧ
ਜਾਤੀ - ਔਢਵ-ਸੰਪੂਰਨ
ਸੰਵਾਦੀ - ਸ਼ੜਜ
ਆਰੋਹ - ਨ਼ ਸ ਗੁ, ਮ, ਪ, ਨ ਸਂ
ਮੁਖ ਅੰਗ - ਸ ਗੁ, ਮ ਗੁ ਰ, ਸ ਨ਼, ਸ ਗੁ ਰ ਸ

ਥਾਟ - ਕਾਫੀ
ਵਰਜਿਤ ਸਵਰ - ਆਰੋਹ ਵਿਚ ਰਿਸ਼ਭ ਤੇ ਧੈਵਤ
ਵਾਦੀ - ਪੰਚਮ
ਸਮਾਂ - ਸਾਏਂ ਕਾਲ (ਸ਼ਾਮ ਦਾ)
ਅਵਰੋਹ - ਸਂ ਨ ਧ ਪ, ਮ ਗੁ ਰ ਸਨ਼, ਨ਼ ਸ ਗੁ ਰ ਸ

**ਰਾਗੁ ਪਟਦੀਪ ਤੀਨ ਤਾਲ**

**ਅਸਥਾਈ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | ਪ | ਮ | ਗੁ- | ਮ |
| | | | | | | | | | | | | ਜਿ | ਨ | ਪ੍ਰੇ | ਮ |
| ਪ | - | ਸਂ | - | ਸਂਸਂ | ਸਂ | ਸਂ | ਸਂ | ਨ | ਧ | ਪ | ਪ | ਪ | ਮ | ਗੁ | ਮ |
| ਕੀ | ऽ | ਓ | ऽ | ਤਿਨ | ਹੀ | ਪ੍ਰ | ਭ | ਪਾ | ਇ | ਓ | ऽ | ਸਾ | ऽ | ਚੁ | ऽ |
| ਗੁ | ਗੁ | ਰ | ਸ | ਨ਼ | - | ਸ | ਗੁ | ਰ | - | ਸ | - | | | | |
| ਕ | ਹੋ | ਸੁ | ਨ | ਲੇ | ऽ | ਹੁ | ऽ | ਸ | ऽ | ਭੈ | ऽ | | | | |
| x | | | | 2 | | | | 0 | | | | 3 | | | |

**ਅੰਤਰਾ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | ਪ | ਪ | ਗੁ | ਮ |
| | | | | | | | | | | | | ਕ | ਹਾ | ਭ | ਯੋ |
| ਪ | - | ਨ | ਨ | ਸਂ | - | ਸਂ | ਗੁਂ | ਰਂ | ਰਂ | ਸਂ | - | ਨ | - | ਨ | ਸਂ |
| ਜੋ | ऽ | ਦੋ | ਊ | ਲੋ | ऽ | ਚ | ਨ | ਮੂੰ | ਦ | ਕੈ | ऽ | ਬੈ | ऽ | ਠਿ | ऽ |
| ਨ਼ਨ਼ | ਧ | ਪ | ਪ | ਮ | ਪ | ਗੁ | ਗੁ | ਰ | ਸ | ਨ਼ | ਸ | | | | |
| ਰਹਿ | ਓ | ਬ | ਕ | ਧਿ | ਆ | ਨ | ਲ | ਗਾ | ਇ | ਓ | ऽ | | | | |

(ਬਾਕੀ ਅੰਤਰੇ ਵੀ ਇਸੇ ਤਰ੍ਹਾਂ ਗਾਏ ਜਾਣ ।)

('ਗੁਰਬਾਣੀ ਸੰਗੀਤ ਦਰਪਣ' ਵਿਚੋਂ ਧੰਨਵਾਦ ਸਹਿਤ)

# ਰਾਗ ਦੇਸ਼ਕਾਰ

ਪ੍ਰਿੰਸੀਪਲ ਦਿਆਲ ਸਿੰਘ

ਵਾਦੀ - ਧ ਠਾਟ - ਬਿਲਾਵਲ ਸਮਾਂ - ਦਿਨ ਦਾ ਪਹਿਲਾ ਪਹਿਰ ।

ਸੰਵਾਦੀ - ਗ ਜਾਤੀ - ਓਡਵ-ਓਡਵ ਵਿਸ਼ੇਸ਼ - ਕੁਝ ਗਾਇਕ ਅਵਰੋਹ ਵਿਚ ਨਿਖਾਦ ਵੀ ਲਾਉਂਦੇ ਹਨ ।

ਆਰੋਹ - ਸ ਰ ਗ, ਪ, ਧ ਸਂ ।

ਅਵਰੋਹ - ਸਂ ਧ, ਪ, ਗਪ ਧ - ਪ ਗ, ਰਸ ।

ਪਕੜ - ਗ ਪ, ਧ ਪ ਧ - ਪਗ, ਰਸ ।

### ਅਸਥਾਈ

| ੩ | | | | x | | | | ੨ | | | | 0 | | | |
|---|---|---|---|---|---|---|---|---|---|---|---|---|---|---|---|
| | | | ਪ | | | | | | | ਪ | | | | | |
| | ਪ | ਧ | ਗ | ਪ | - | ਪ | - | ਪ | ਗ | ਧ | ਪ | ਗ | ਰ | ਸ | - |
| | ਮਾ | ਤੇ | ਮ | ਤੰ | s | ਗ | s | ਜ | ਰੇ | ਜ | ਰ | ਸੰ | s | ਗ | s |
| - | ਗ | ਪ | ਧ | ਸਂ | - | ਸਂ | ਸਂ | ਸਂ | ਧ | ਸਂ | ਰਂ | ਸਂ | - | ਧਪ | ਗਰ |
| s | ਅਨੂ | ਪ | ਉ | ਤੰ | s | ਗ | ਸੁ | ਰੰ | s | ਗ | ਸ | ਵਾ | s | ਰੇs | ss |

### ਅੰਤਰਾ

| ੩ | | | | x | | | | ੨ | | | | 0 | | | |
|---|---|---|---|---|---|---|---|---|---|---|---|---|---|---|---|
| | ਪ | | | | | | | | | | | | | | |
| | ਗ | ਪ | ਧ | ਸਂ | - | ਸਂ | ਸਂ | ਸਂ | ਰਂ | ਗਂ | ਰਂ | ਸਂ | ਧ | ਸਂ | ਸਂ |
| | ਕੋ | ਟ | ਤੁ | ਰੰ | s | ਗ | ਕੁ | ਰੰ | s | ਗ | ਸੇ | ਕੁ | s | ਦ | ਤ |
| - | ਸਰਂ | ਗਂ | ਰਂ | ਸਂ | ਧ | ਪ | ਧ | ਸਂ | - | ਧ | ਪ | ਗਪ | ਧਸਂ | ਧਪ | ਗਰ |
| s | ਪਉ | ਨ | ਕੇ | ਗਉ | s | ਨ | ਕੋ | ਜਾ | s | ਤ | ਨਿ | ਵਾs | ss | ਰੇs | s |

ਸ

s - ਬਾਕੀ ਤੁਕਾਂ ਅੰਤਰੇ ਤੇ ਲਾਓ ।

('ਗੁਰਮਤ ਸੰਗੀਤ ਸਾਗਰ' ਵਿਚੋਂ ਧੰਨਵਾਦ ਸਹਿਤ)

# ਪ੍ਰਿੰਸੀਪਲ ਦਿਆਲ ਸਿੰਘ ਜੀ ਦੀਆਂ ਸੰਗੀਤ ਪੁਸਤਕਾਂ ਦਾ ਵੇਰਵਾ



**੧. ਗੁਰਮਤਿ ਸੰਗੀਤ ਸਾਗਰ (ਆਸਾ ਦੀ ਵਾਰ ਤੇ ਸ਼ਬਦ)**

ਇਸ ਦੇ ਆਰੰਭ ਵਿਚ ਸ਼ਾਸਤ੍ਰ ਜਾਣਕਾਰੀ, ਉਸ ਤੋਂ ਬਾਦ ਹਰੇਕ ਰਾਗ ਵਿਚ ਚਾਰ-ਚਾਰ ਛੱਕਿਆਂ ਦੀਆਂ ਭਿੰਨ-ਭਿੰਨ ਟਿਊਨਾਂ ਤੇ ਸ਼ਬਦ ਲਿਖੇ ਹਨ । ਇੰਜ ਛੇ ਰਾਗਾਂ ਵਿਚ ਸੰਪੂਰਣ ਆਸਾ ਦੀ ਵਾਰ ਸਿੱਖਣ ਦਾ ਤਰੀਕਾ ਤੇ 27 ਸ਼ਬਦ ਰੀਤਾਂ ਸਵਰ ਲਿਪੀ ਵਿਚ ਲਿਖਿਆਂ ਹਨ । - ਭੇਟਾ: 30 ਰੁਪਏ

**੨. ਗੁਰਮਤਿ ਸੰਗੀਤ ਸਿਖਿਆ**

ਇਸ ਵਿਚ ਸੰਗੀਤ-ਸ਼ਾਸਤ੍ਰ ਜਾਣਕਾਰੀ, ਅਲੰਕਾਰ-ਪਲਟੇ ਅਤੇ ਰਾਗ ਦਾ ਠਾਟ, ਜਾਤੀ, ਵਾਦ-ਸੰਵਾਦ, ਆਰੋਹ-ਅਵਰੋਹ ਤੇ ਗਾਉਣ ਦਾ ਸਮਾਂ ਆਦਿ । ਉਸ ਤੋਂ ਬਾਦ ਪ੍ਰਚਲਤ ੩੧ ਰਾਗਾਂ ਵਿਚ ਚਾਰ-ਚਾਰ ਸੁੰਦਰ ਸ਼ਬਦ ਰੀਤਾਂ ਨੂੰ ਸੁਰ ਲਿਪੀ ਵਿਚ ਲਿਖਿਆ ਹੈ । ਇਸ ਪੁਸਤਕ ਤੋਂ ਉਹ ਵਿਦਿਆਰਥੀ ਪੂਰਾ ਲਾਭ ਉਠਾ ਸਕਦੇ ਹਨ ਜਿਹੜੇ ਕੀਰਤਨ ਸਿੱਖਣ ਵਿਚ ਰੁਚੀ ਰੱਖਦੇ ਹਨ । - ਭੇਟਾ : ੬੦ ਰੁਪਏ

**੩. ਤਬਲਾ ਮ੍ਰਿਦੰਗ ਸਾਗਰ**

ਇਸ ਦੇ ਆਰੰਭ ਵਿਚ ਤਬਲਾ ਮ੍ਰਿਦੰਗ ਦਾ ਸੰਖੇਪ ਵਰਨਣ, ਤਾਲ ਦੇ ਮੁਖ ਅੰਗ, ਬੋਲਾਂ ਦੀ ਉਤਪੱਤੀ ਅਤੇ ਫੋਟੋ ਰਾਹੀਂ ਅਖਰਾਂ ਦਾ ਨਿਕਾਸ । ਇਸ ਤੋਂ ਇਲਾਵਾ ਬੰਦ ਅਤੇ ਖੁੱਲ੍ਹੇ ਹੱਥ ਨਾਲ ਵਜਾਉਣ ਵਾਲੇ ੨੧ ਪ੍ਰਚਲਤ-ਅਪ੍ਰਚਲਤ ਤਾਲ ਠੇਕੇ, ਅਗੋਂ ਉਨ੍ਹਾਂ ਦੇ ਭਿੰਨ ਭਿੰਨ ਰੂਪਾਂ ਵਿਚ ਕਾਇਦੇ, ਪੇਸ਼ਕਾਰ, ਮੁਖੜੇ, ਤਿਹਾਈ, ਰੇਲੇ ਤੇ ਪਰਨਾ ਨੂੰ ਲਿਖਿਆ ਹੈ । - ਭੇਟਾ : ੧੧੦ ਰੁਪਏ

**੪. ਗੁਰਮਤਿ ਸੰਗੀਤ ਸਾਗਰ (ਭਾਗ ਪਹਿਲਾ)**

ਇਸ ਦੇ ਅਰੰਭ ਵਿਚ ਸੰਗੀਤ ਪ੍ਰਣਾਲੀਆਂ, ਸੁਰਤੀ-ਸੁਰ, ਠਾਟ ਆਦਿ, ਗਾਇਕਾਂ ਦੇ ਗੁਣ-ਅਵਗੁਣ ਅਤੇ ਆਵਾਜ਼ ਸੁਰੀਲੀ ਕਰਨ ਲਈ ਅਲੰਕਾਰ-ਪਲਟੇ ਲਿੱਖੇ ਹਨ । ਉਸ ਤੋਂ ਬਾਦ ੧੪ ਰਾਗਾਂ ਦੇ ਖੋਜ ਭਰਪੂਰ ਲੇਖ, ਆਲਾਪ, ਤਾਨਾਂ ਅਤੇ ਵਖੋ-ਵਖ ਤਾਲਾਂ ਵਿਚ 224 ਸ਼ਬਦ ਰੀਤਾਂ 22 ਪੜਤਾਲਾਂ ਨੂੰ ਤਾਲ-ਬੱਧ ਸੁਰ ਲਿਪੀ ਵਿਚ ਲਿਖਿਆ ਹੈ । - ਭੇਟਾ : ੧੦੦ ਰੁਪਏ

**੫. ਗੁਰਮਤਿ ਸੰਗੀਤ ਸਾਗਰ (ਭਾਗ ਦੂਜਾ)**

ਇਸ ਵਿਚ ਪ੍ਰਚੀਨ "ਤਿੰਨ ਗ੍ਰਾਮ ਇਕੀਸ ਮੁਰਛਨਾਂ" ਸੰਬੰਧੀ ਜਾਣਕਾਰੀ, ਰਾਗਾਂ ਦੇ ਦਸ ਲੱਛਣ, ਠਾਟ ਪੱਧਤੀ ਦਾ ਵਿਕਾਸ ਅਤੇ ਗਣਿਤ ਅਨੁਸਾਰ ਇਕ ਠਾਟ ਤੋਂ ੪੮੪ ਰਾਗਾਂ ਦੀ ਉਤਪੱਤੀ ਦਾ ਵੇਰਵਾ ਦਿੱਤਾ ਹੈ । ਉਸ ਤੋਂ ਬਾਦ ੨੧ ਰਾਗਾਂ ਦੇ ਲੇਖ, ਆਲਾਪ, ਤਾਨਾਂ ਅਤੇ ੨੩੪ ਸ਼ਬਦ ਰੀਤਾਂ ੧੩ ਪੜਤਾਲਾਂ ਦੇ ਨਾਲ ਤਿੰਨ ਗੁਲਦਸਤੇ ਲਿਖੇ ਹਨ । -ਭੇਟਾ : ੧੩੦ ਰੁਪਏ

**੬. ਗੁਰਮਤਿ ਸੰਗੀਤ ਸਾਗਰ (ਭਾਗ ਤੀਜਾ)**

ਇਸ ਦੇ ਵਿਚ ਸ਼ਾਸਤ੍ਰੀਆਂ ਸੰਗੀਤ, ਭਗਤੀ ਸੰਗੀਤ ਅਤੇ ਗੁਰਮਤਿ ਸੰਗੀਤ ਦਾ ਸੁਮੇਲ ਤੇ ਭਿੰਨਤਾ ਨੂੰ ਦਰਸਾਇਆ ਹੈ । ਨਾਲ ਹੀ ਗੁਰਮਤਿ ਸੰਗੀਤ ਵਿਚ ਸਾਜ਼ਾਂ ਦੀ ਕੀ ਮਹੱਤਤਾਂ ਹੈ ਅਤੇ ਗੁਰਮਤਿ ਸੰਗੀਤ ਦੀ ਅਧੋਗਤੀ ਦਾ ਕਾਰਣ । ਉਸ ਤੋਂ ਬਾਦ ੨੮ ਰਾਗਾਂ ਦੇ ਲੇਖ, ਆਲਾਪ, ਤਾਨਾਂ ਅਤੇ ੨੪੫ ਸ਼ਬਦ ਰੀਤਾਂ ਦੇ ਨਾਲ ਨੌ ਪੜਤਾਲਾਂ ਇਕ ਗੁਲਦਸਤਾ ਅਤੇ ਦਸਵੇਂ ਪਾਤਸ਼ਾਹ ਸੰਬੰਧੀ ਹਿੰਡੋਲ ਤੇ ਕੇਦਾਰਾ ਰਾਗ ਵਿਚ ਦੋ ਮਨੋਹਰ ਠੁਮਰੀਆਂ ਭੀ ਦਰਜ ਹਨ । - ਭੇਟਾ : ੧੨੦ ਰੁਪਏ

**੭. ਗੁਰਮਤਿ ਸੰਗੀਤ ਸਾਗਰ (ਭਾਗ ਚੌਥਾ)**

ਇਸ ਦੇ ਆਰੰਭ ਵਿਚ ਹਿੰਦੁਸਤਾਨੀ ਸੰਗੀਤ ਪੱਧਤੀ ਦੇ ੪੦ ਸਿਧਾਂਤ, ਸੰਗੀਤ ਪਖੋਂ ਆਦਿ ਗ੍ਰੰਥ ਵਿਚ ਲਿਖੀ ਰਾਗ ਮਾਲਾ ਤੇ ੧ ਤੋਂ ੨੧ ਤਕ 'ਘਰ' ਦਾ ਕੀ ਭਾਵ ਹੈ, ਇਸ ਦਾ ਖੁਲਾਸਾ ਕੀਤਾ ਹੈ । ਉਸ ਤੋਂ ਬਾਦ ੪੦ ਰਾਗਾਂ ਦੇ ਲੇਖ, ਅਲਾਪ, ਤਾਨਾਂ ਅਤੇ ੨੧੪ ਸ਼ਬਦ ਰੀਤਾਂ ੧੪ ਪੜਤਾਲਾਂ ਇਕ ਗੁਲਦਸਤਾ ਦਰਜ ਹੈ । ਇੰਜ ੨੯੦ ਸ਼ਬਦ ਰੀਤਾਂ ਨੂੰ ਤਾਲ-ਬੱਧ ਸੁਰ ਲਿਪੀ ਵਿਚ ਲਿਖਿਆ ਹੈ । - ਭੇਟਾ : ੧੫੦ ਰੁਪਏ

ਨੋਟ : ਗੁਰਮਤਿ ਸੰਗੀਤ ਸਾਗਰ ਦੇ ਇਨ੍ਹਾਂ ਚਾਰ ਭਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੩੧ ਰਾਗ ਤੇ ਉਨ੍ਹਾਂ ਦੇ ਪ੍ਰਕਾਰਾਂ ਤੋਂ ਇਲਾਵਾ ਉਹ ਰਾਗ ਭੀ ਸ਼ਾਮਲ ਹਨ ਜਿਨ੍ਹਾਂ ਵਿਚ ਸਾਰੇ ਰਾਗੀ-ਰਬਾਬੀ ਸੀਨਾ-ਬਸੀਨਾ ਸ਼ਬਦ ਰੀਤਾਂ ਗਾਇਨ ਕਰਦੇ ਰਹੇ ਹਨ । ਇੰਜ ੧੦ ਰਾਗਾਂ ਵਿਚ ੧੦੪੫ ਸ਼ਬਦ ਰੀਤਾਂ ਪੜਤਾਲਾਂ ਤੇ ਗੁਲਦਸਤਾਂ ਦਾ ਸੰਗ੍ਰਹਿ ਤਾਲ-ਬੱਧ ਸੁਰ ਲਿਪੀ ਵਿਚ ਲਿਖ ਕੇ ਪ੍ਰਕਾਸ਼ਤ ਕਰਨ ਦਾ ਯਤਨ ਕੀਤਾ । ਆਸ ਹੈ ਇਨ੍ਹਾਂ ਪੁਸਤਕਾਂ ਤੋਂ ਗੁਰਮਤਿ ਸੰਗੀਤ (ਕੀਰਤਨ) ਸਿੱਖਣ ਵਾਲੇ ਵਿਦਿਆਰਥੀ ਲਾਭ ਪ੍ਰਾਪਤ ਕਰਨਗੇ ।

ਪ੍ਰਕਾਸ਼ਕ : ਗੁਰੂ ਨਾਨਕ ਵਿਦਿਆ ਭੰਡਾਰ ਟ੍ਰਸਟ
ਗੁਰਮਤ ਵਿਦਿਆਲਾ ਗੁ: ਰਕਾਬ ਗੰਜ
ਨਵੀਂ ਦਿਲੀ

# ਕੀਰਤਨ ਕਲਾਸਾਂ



ਹੇਠ ਲਿਖੇ ਸਥਾਨਾਂ ਤੇ ਕੀਰਤਨ ਕਲਾਸਾਂ ਲਗਾਈਆਂ ਜਾਂਦੀਆਂ ਹਨ । ਚਾਹਵਾਨ ਵਿਅਕਤੀ ਸੰਪਰਕ ਕਰਕੇ ਲਾਭ ਉਠਾ ਸਕਦੇ ਹਨ ।

**ਗੁਰਦੁਆਰਾ ਸਾਹਿਬ,**
ਸੈਕਟਰ 34, ਚੰਡੀਗੜ੍ਹ

**ਗੁਰੂ ਨਾਨਕ ਬਾਲ ਆਸ਼ਰਮ,**
ਨੇੜੇ ਰਾਮਗੜ੍ਹੀਆ ਭਵਨ,
ਸੈਕਟਰ 27, ਚੰਡੀਗੜ੍ਹ

**ਉਜਲ ਸਿੰਘ ਮਦਾਨ,**
1470, ਸੈਕਟਰ 43-ਬੀ, ਚੰਡੀਗੜ੍ਹ

**ਗੁਰਦੁਆਰਾ ਸਾਚਾ ਧੰਨ,**
ਫੇਜ਼-3-ਬ-1, ਮੋਹਾਲੀ

**ਗਿ : ਕਸ਼ਮੀਰ ਸਿੰਘ,**
1612 ਫੇਜ਼-7, ਮੋਹਾਲੀ

**ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ**
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ,
ਮਾਡਲ ਟਾਊਨ ਐਕਸਟੇਨਸ਼ਨ, ਲੁਧਿਆਣਾ

**ਗੁਰਦੁਆਰਾ ਗੁਰ ਗਿਆਨ ਪ੍ਰਕਾਸ਼**
ਜਵੱਦੀ ਕਲਾ, ਲੁਧਿਆਣਾ

**ਸੰਗੀਤ ਭਾਰਤੀ,**
99 ਬੀ.ਸ਼ਾਸਤਰੀ ਨਗਰ, ਲੁਧਿਆਣਾ

**ਪੰਜਾਬ ਸਿੰਧ ਬੈਂਕ ਕੀਰਤਨ ਅਕੈਡਮੀ,**
ਗਰੀਨ ਪਾਰਕ, ਜਲੰਧਰ

**ਬਾਵਰਾ ਮਿਊਜ਼ਿਕ ਕਾਲਜ,**
20, (ਗੁਰੂ ਨਾਨਕ ਨਗਰ) (ਮਾਡਲ ਟਾਊਨ), ਜਲੰਧਰ

**ਫਾਈਵ ਸਟਾਰ ਸੰਗੀਤ ਸਭਾ,**
276-ਆਰ ਮਾਡਲ ਟਾਊਨ, ਜਲੰਧਰ

**ਸਿੱਖ ਮਿਸ਼ਨਰੀ ਕਾਲਜ (ਰਜਿ:)**
ਡਬਲਯੂ.ਜੀ. 578, ਸੂਰਜ ਗੰਜ, ਜਲੰਧਰ

**ਭਾਈ ਵੀਰ ਸਿੰਘ ਹਾਲ,**
ਲਾਰੰਸ ਰੋਡ, ਅੰਮ੍ਰਿਤਸਰ

**ਹੰਸਪਾਲ ਗੁਰਬਾਣੀ ਸੰਗੀਤ ਅਕੈਡਮੀ**
232 ਈਸਟ ਮੋਹਨ ਨਗਰ, ਅੰਮ੍ਰਿਤਸਰ

**ਸਚਦੇਵਾ ਸੰਗੀਤ ਅਕੈਡਮੀ,**
ਗੁਰਦੁਆਰਾ ਰੋਡ, ਮਲੋਟ

**ਮਸਤਾਨਾ ਮਿਊਜ਼ਿਕ ਅਕੈਡਮੀ,**
ਮਲੋਟ

**ਗੁਰਦੁਆਰਾ ਦਸ਼ਮੇਸ਼ਗੜ੍ਹ,**
ਵੀਰੋਵਾਲ, ਜ਼ਿਲਾ: ਨਵਾਂ ਸ਼ਹਿਰ

**ਨੀਲਮ ਸੰਗੀਤ ਮੰਦਰ,**
ਪੰਡੋਰਾ ਮੁਹੱਲਾ, ਨਵਾਂ ਸ਼ਹਿਰ

**ਗੁਰਮਤ ਸੰਗੀਤ ਅਕੈਡਮੀ,**
ਨੇੜੇ ਬਸ ਅੱਡਾ, ਫਿਰੋਜ਼ਪੁਰ

**ਸ੍ਰੀ ਗੁਰੂ ਹਰਗੋਬਿੰਦ ਢਾਡੀ ਅਤੇ ਸੰਗੀਤ ਵਿਦਿਆਲਾ**
ਸਤਿਨਾਮਪੁਰਾ ਛਾਬੜਾ ਹਸਪਤਾਲ ਦੇ ਪਿਛੇ, ਫਗਵਾੜਾ

**ਜੀ. ਐਸ. ਸਰਦਾਰ,**
1,98 ਰਾਜਿੰਦਰਾ ਨਗਰ, ਨਵੀਂ ਦਿੱਲੀ

**ਗੁਰਮਤ ਵਿਦਿਆਲਾ**
ਗੁ: ਰਕਾਬ ਗੰਜ, ਨਵੀਂ ਦਿਲੀ

**ਗੁਰਬਾਣੀ ਸੰਗੀਤ ਅਕੈਡਮੀ,**
69/2 ਪਡਾਪੁਕਾਰ ਰੋਡ, ਕਲੱਕਤਾ

# ਸੰਗੀਤ-ਲਿਪੀ ਚਿੰਨ੍ਹ



| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ । |
| ਧੁ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ । |
| ਮੰ | ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ । |
| ਪ਼/ਧ਼ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ । |
| ਸੰ/ਪੰ | ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ । |
| ਪ— | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (–) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ । |
| ਸ਼ਾਂ s | ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ । |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿੱਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ । |
| ਮਪ | ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ । |
| XO 123 | X ਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ । |



# ਮਹੀਨਾ ਜਨਵਰੀ/ਪੋਹ

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥ ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥ ਕਾਮਿ ਕਰੋਧਿ ਨਾ ਮੋਹੀਐ ਬਿਨਸੈ ਲੋਭੁ ਸੁਆਨੁ ॥ ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥ ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥ ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

## ਗੁਰਪੁਰਬ

| | |
|---|---|
| ਪਾ: ੧੦ ਅਵਤਾਰ ਧਾਰਿਆ | 15 ਜਨਵਰੀ |

## ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਲੋਹੜੀ | 12 ਜਨਵਰੀ |
| ਮੇਲਾ ਮਾਘੀ ਮੁਕਤਸਰ | 13 ਜਨਵਰੀ |
| ਰੀਪਬਲਿਕ ਡੇ (ਗਣਤੰਤਰ ਦਿਵਸ) | 26 ਜਨਵਰੀ |

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਪ੍ਰਸਿੱਧ ਬਾਣੀਆਂ ਦੇ ਪੰਨੇ

| | | | |
|---|---|---|---|
| ਬਾਰਹਮਾਹਾ | ੧੩੩ | ਬਾਰਹਮਾਹਾ ਤੁਖਾਰੀ | ੧੧੦੭ |
| ਸੁਖਮਨੀ ਸਾਹਿਬ | ੧੬੨ | ਆਸਾ ਦੀ ਵਾਰ | ੪੬੨ |
| ਲਾਵਾਂ | ੭੭੩ | ਅਨੰਦੁ ਸਾਹਿਬ | ੯੧੭ |
| ਸਲੋਕ ਕਬੀਰ | ੧੩੬੪ | ਸਲੋਕ ਫਰੀਦ | ੧੩੭੭ |
| ਰਾਮਕਲੀ ਸਦ | ੯੨੩ | ਵਾਰ ਸੱਤਾ ਬਲਵੰਡ | ੯੬੬ |
| ਸਹਸਕ੍ਰਿਤੀ ਸਲੋਕ | ੧੩੫੩ | ਭੱਟਾਂ ਦੇ ਸਵਈਏ | ੧੩੮੫ |
| ਬਾਵਨ ਅਖਰੀ | ੯੫੦ | ਸਿਧ ਗੋਸਟਿ | ੯੩੮ |

| | |
|---|---|
| ਸੰਮਤ ਬਿਕ੍ਰਮੀ | 2053 |
| ਸੰਮਤ ਨਾਨਕਸ਼ਾਹੀ | 528 |
| ਸੰਮਤ ਖਾਲਸਾ | 298 |
| ਸੰਮਤ ਸ਼ਾਕਾ | 1918 |

**ਜਨਵਰੀ**
**JAN. 1997**

| | |
|---|---|
| ਸੰਗਰਾਂਦ | 13 ਜਨਵਰੀ |
| ਪੂਰਨਮਾਸ਼ੀ | 23 ਜਨਵਰੀ |
| ਮਸਿਆ | 9 ਜਨਵਰੀ |
| ਪੰਚਮੀ | 3 ਜਨਵਰੀ |

| | | | | | |
|---|---|---|---|---|---|
| ਐਤ SUN | ✸ | 5 22 ਪੋਹ ਪੋਹ ਵਦੀ 11 | 12 29 ਪੋਹ ਪੋਹ ਸੁਦੀ 4 | 19 7 ਮਾਘ ਪੋਹ ਸੁਦੀ 11 | 26 14 ਮਾਘ ਮਾਘ ਵਦੀ 3 |
| ਸੋਮ MUN | ✸ | 6 23 ਪੋਹ ਪੋਹ ਵਦੀ 12 | 13 1 ਮਾਘ ਪੋਹ ਸੁਦੀ 5 | 20 8 ਮਾਘ ਪੋਹ ਸੁਦੀ 12 | 27 15 ਮਾਘ ਮਾਘ ਵਦੀ 4 |
| ਮੰਗਲ TUE | ✸ | 7 24 ਪੋਹ ਪੋਹ ਵਦੀ 13 | 14 2 ਮਾਘ ਪੋਹ ਸੁਦੀ 6 | 21 9 ਮਾਘ ਪੋਹ ਸੁਦੀ 13 | 28 16 ਮਾਘ ਮਾਘ ਵਦੀ 5 |
| ਬੁੱਧ WED | 1 18 ਪੋਹ ਪੋਹ ਵਦੀ 7 | 8 25 ਪੋਹ ਪੋਹ ਵਦੀ 14 | 15 3 ਮਾਘ ਪੋਹ ਸੁਦੀ 7 | 22 10 ਮਾਘ ਪੋਹ ਸੁਦੀ 14 | 29 17 ਮਾਘ ਮਾਘ ਵਦੀ 5 |
| ਵੀਰ THU | 2 19 ਪੋਹ ਪੋਹ ਵਦੀ 8 | 9 26 ਪੋਹ ਮਸਿਆ,ਪ: ਸੁ: 1 | 16 4 ਮਾਘ ਪੋਹ ਸੁਦੀ 8 | 23 11 ਮਾਘ ਪੂਰਨਮਾਸ਼ੀ | 30 18 ਮਾਘ ਮਾਘ ਵਦੀ 6 |
| ਸ਼ੁੱਕਰ FRI | 3 20 ਪੋਹ ਪੋਹ ਵਦੀ 9 | 10 27 ਪੋਹ ਪੋਹ ਸੁਦੀ 2 | 17 5 ਮਾਘ ਪੋਹ ਸੁਦੀ 9 | 24 12 ਮਾਘ ਮਾਘ ਵਦੀ 1 | 31 19 ਮਾਘ ਮਾਘ ਵਦੀ 7 |
| ਸ਼ਨੀ SUN | 4 21 ਪੋਹ ਪੋਹ ਵਦੀ 10 | 11 28 ਪੋਹ ਪੋਹ ਸੁਦੀ 3 | 18 6 ਮਾਘ ਪੋਹ ਸੁਦੀ 10 | 25 13 ਮਾਘ ਮਾਘ ਵਦੀ 2 | ✸ |

ਅਰਥ : ਮਾਘ ਵਿਚ (ਮਾਘੀ ਵਾਲੇ ਦਿਨ ਲੋਕ ਪ੍ਰਯਾਗ ਆਦਿਕ ਤੀਰਥਾਂ ਤੇ ਇਸ਼ਨਾਨ ਕਰਨਾ ਬੜਾ ਪੁੰਨ ਕਰਮ ਸਮਝਦੇ ਹਨ, ਪਰ ਤੂੰ ਹੇ ਭਾਈ !) ਗੁਰਮੁਖਾਂ ਦੀ ਸੰਗਤਿ ਵਿਚ (ਬੈਠ, ਇਹੀ ਹੈ ਤੀਰਥਾਂ ਦਾ) ਇਸ਼ਨਾਨ, ਉਹਨਾਂ ਦੀ ਚਰ-ਧੂੜ ਵਿਚ ਇਸ਼ਨਾਨ ਕਰ (ਨਿਮ੍ਰਤ-ਭਾਵ ਨਾਲ ਗੁਰਮੁਖਾਂ ਵੀ ਸੰਗਤਿ ਕਰ, ਉਥੇ) ਪਰਮਾਤਮਾ ਦਾ ਨਾਮ ਜਪ, ਪਰਮਾਤਮਾ ਦੀ ਸਿਫਤਿ-ਸਾਲਾਹ ਸੁਣ, ਹੋਰ ਸਭਨਾਂ ਨੂੰ ਇਹ ਨਾਮ ਦੀ ਦਾਤਿ ਵੰਡ, (ਇਸ ਤਰ੍ਹਾਂ) ਕਈ ਜਨਮਾ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ (ਤੇਰੇ ਮਨ ਤੋਂ) ਲਹਿ ਜਾਇਗੀ, ਤੇਰੇ ਮਨ ਵਿਚੋਂ ਅਹੰਕਾਰ ਦੂਰ ਹੋ ਜਾਇਗਾ ।

(ਸਿਮਰਨ ਦੀ ਬਰਕਤਿ ਨਾਲ) ਕਾਮ ਵਿਚ ਕ੍ਰੋਧ ਵਿਚ ਨਹੀਂ ਫਸੀਦਾ, ਲੋਭ-ਕੁੱਤਾ ਭੀ ਮੁੱਕ ਜਾਂਦਾ ਹੈ (ਲੋਭ, ਜਿਸ ਦੇ ਅਸਰ ਹੇਠ ਮਨੁੱਖ ਕੁੱਤੇ ਵਾਂਗ ਦਰ ਦਰ ਤੇ ਭਟਕਦਾ ਹੈ) । ਇਸ ਸੱਚੇ ਰਸਤੇ ਉਤੇ ਤੁਰਿਆਂ ਜਗਤ ਭੀ ਸੋਭਾ ਕਰਦਾ ਹੈ । ਅਠਾਹਠ ਤੀਰਥਾਂ ਦਾ ਇਸ਼ਨਾਨ, ਸਾਰੇ ਪੁੰਨ ਕਰਮ, ਜੀਵਾਂ ਉਤੇ ਦਇਆ ਕਰਨੀ ਜੋ ਧਾਰਮਿਕ ਕੰਮ ਮੰਨੀ ਗਈ ਹੋਈ ਹੈ (ਇਹ ਸਭ ਕੁਝ ਸਿਮਰਨ ਦੇ ਵਿਚ ਹੀ ਆ ਜਾਂਦੇ ਹਨ) ।

ਪਰਮਾਤਮਾ ਕਿਰਪਾ ਕਰ ਕੇ ਜਿਸ ਮਨੁੱਖ ਨੂੰ (ਸਿਮਰਨ ਦੀ ਦਾਤਿ) ਦੇਂਦਾ ਹੈ,ਉਹ ਮਨੁੱਖ (ਜਿੰਦਗੀ ਦੇ ਸਹੀ ਰਸਤੇ ਦੀ ਪਛਾਣ ਵਾਲਾ) ਸਿਆਣਾ ਹੋ ਜਾਂਦਾ ਹੈ ।

ਹੇ ਨਾਨਕ ! (ਆਖ-) ਜਿੰਨ੍ਹਾਂ ਨੂੰ ਪਿਆਰਾ ਪ੍ਰਭੂ ਮਿਲ ਪਿਆ ਹੈ, ਮੈਂ ਉਹਨਾਂ ਤੋਂ ਸਦਕੇ ਹਾਂ । ਮਾਘ ਮਹੀਨੇ ਵਿਚ ਸਿਰਫ ਉਹੀ ਸੁੱਚੇ ਬੰਦੇ ਆਖੇ ਜਾਂਦੇ ਹਨ, ਜਿੰਨ੍ਹਾਂ ਉਤੇ ਪੂਰਾ ਸਤਿਗੁਰੂ ਦਇਆਵਾਨ ਹੁੰਦਾ ਹੈ (ਤੇ ਜਿੰਨ੍ਹਾਂ ਨੂੰ ਸਿਮਰਨ ਦੀ ਦਾਤਿ ਦੇਂਦਾ ਹੈ) ।੧੨।

*ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀਂ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ*

## ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦਾ ਕੀਰਤਨ ਪ੍ਰੋਗਰਾਮ

| | | |
|---|---|---|
| 5 ਜਨਵਰੀ 1997 | | |
| | ਸਵੇਰੇ 10-30 ਤੋਂ 11-30 | ਕੋਠੀ 21, ਸੈਕਟਰ 2, ਚੰਡੀਗੜ੍ਹ |
| | 11-30 ਤੋਂ 12-30 | ਕੋਠੀ 28, ਸੈਕਟਰ 19A , ਚੰਡੀਗੜ੍ਹ |
| 8 ਜਨਵਰੀ 1997 | | |
| | ਸਵੇਰੇ 10 ਤੋਂ 11 | ਕੋਠੀ 1042, ਸੈਕਟਰ 36 ਸੀ, ਚੰਡੀਗੜ੍ਹ |
| 10 ਜਨਵਰੀ 1997 | | |
| | ਦਿਨੇ 12.50 ਵਜੇ | ਆਲ ਇੰਡੀਆ ਰੇਡੀਓ, ਜਲੰਧਰ |
| | ਸ਼ਾਮ 6.15 ਵਜੇ | |
| 11 ਜਨਵਰੀ 1997 | | |
| | ਸਵੇਰੇ 10 ਤੋਂ 11 | ਲਿਬਰਾਨ ਪਰਿਵਾਰ, ਅਰਬਨ ਅਸਟੇਟ, ਅੰਬਾਲਾ |
| 12 ਜਨਵਰੀ 1997 | | |
| | 10 ਤੋਂ 12 | 35/1 ਮਾਡਲ ਗਰਾਮ, ਲੁਧਿਆਣਾ |
| 15 ਜਨਵਰੀ | | |
| | 10 ਤੋਂ 12 | ਰਾਤ ਗੁਰਦੁਆਰਾ ਗੁਰੂ ਨਾਨਕਪੁਰਾ, ਸੰਗਰੂਰ |
| 20 ਜਨਵਰੀ | | |
| | 10 ਤੋਂ 11 | ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ |
| 26 ਜਨਵਰੀ | | |
| | 11 ਤੋਂ 12 | 310, ਸੈਕਟਰ 9, ਚੰਡੀਗੜ੍ਹ |

---

ਨੋਟ : ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਹੇਠ ਲਿਖੇ ਸਥਾਨਾਂ ਤੋਂ ਮਿਲ ਸਕਦੀਆਂ ਹਨ ।

| | |
|---|---|
| **ਅੰਮ੍ਰਿਤ ਕੀਰਤਨ ਟ੍ਰਸਟ**<br>422, ਸੈਕਟਰ 15-A<br>ਚੰਡੀਗੜ੍ਹ-160015<br>ਫੋਨ-722660 | **ਅੰਮ੍ਰਿਤ ਵਰਖਾ**<br>7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ<br>ਫੋਨ : 5742058 |
| **MATTA AUDIO VIDEO**<br>Whole Salers : Audio Cassettes & Video Movie Makers<br>CABIN NO. 1-A, 1ST FLOOR, S.C.O. 1010-11,<br>SECTOR 22-B, CHANDIGARH<br>PHONES : (O) 771688, (R) 675004 PAGER: 9610-6039 | **S. Amarjit Shah Singh**<br>31, West Minister Road<br>Leaming -W.A. Australia<br>ਫੋਨ-061-9-332-6102 |

-ਡਾ. ਜਾਗੀਰ ਸਿੰਘ ਪ੍ਰਧਾਨ ਅੰਮ੍ਰਿਤ ਕੀਰਤਨ ਟਰੱਸਟ ਨੇ ਡੀ.ਬੀ. ਪ੍ਰਿੰਟਰਜ਼ S.C.O. 59, ਫੇਸ 3-ਬੀ-2,ਮੋਹਾਲੀ ਫੋਨ 675808 ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ ।

Regd. NO. PB/CH-155
RNI Regd No. 46788/89

**BOOK POST**
(Printed Matter)

*If undelivered please return to*

**AMRIT KIRTAN TRUST (Regd.)**
422, Sector 15-A, Chandigarh-160 015
Phone : 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 1 ਸਾਲ ਨੌਵਾਂ ਜਨਵਰੀ 1997

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ । ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ । ਆਪ ਦਾ ਚਿੱਟ ਨੰਬਰ ਇਸ ਲਿਫਾਫੇ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ ।